ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SATJUG
1920 ਤੋਂ ਸਾਲ 98 ਵਾਂ

Price:Rs.5/-

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ (1920 ਈ:) ਤੋਂ ਸਥਾਪਿਤ

੨੫ ਤੋਂ ੩੧ ਸਾਉਣ 2075
ਵੀਰਵਾਰ
9-15Aug. 2018

ਜਿਲਦ 26
ਨੰਬਰ 17
Total Pages 36

## ਆਜ਼ਾਦੀ ਦੇ ਸੰਘਰਸ਼ਵਾਨਾਂ ਨੂੰ ਸਮਰਪਿਤ



ਭਾਈ ਮਹਾਰਾਜ ਸਿੰਘ



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਰਹਿਮਤ ਅਲੀ ਵਜ਼ੀਦਕੇ



ਸ.ਅਜੀਤ ਸਿੰਘ



ਗੁਰਦਿੱਤ ਸਿੰਘ ਕਾਮਾਗਾਟਾਮਾਰੂ



ਸੋਹਣ ਸਿੰਘ ਭਕਨਾ



ਸ਼ਹੀਦ ਭਗਤ ਸਿੰਘ



ਸੁਭਾਸ਼ ਚੰਦਰ ਬੋਸ



ਕਿਸ਼ਨ ਸਿੰਘ ਗੜ੍ਹਗੱਜ

# ਸ੍ਰੀ ਸਤਿਗੁਰੂ ਜੀ ਕਨੇਡਾ ਵਿਖੇ ਆਸਾ ਦੀ ਵਾਰ ਵਿੱਚ ਦਰਸ਼ਨ ਦਿੰਦੇ ਹੋਏ







# ਸਤਿਜੁਗ

੨੫ ਤੋਂ ੩੧ ਸਾਉਣ, ੨੦੭੫ ਬਿ੍.
9 ਤੋਂ 15 ਅਗਸਤ 2018 ਈ:
ਜਿਲਦ 26,ਵੀਰਵਾਰ ਨੰਬਰ 17

**ਸਤਿਜੁਗ**
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015

E-mail : satjug@sribhainisahib.com
Website: www.satjugonline.com

Editorial Board:

*Harvinder Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*

***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 8-08-2018,**
**Date of Posting: 9-10 Aug. 2018**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 250 ਰੁ:, ਪ੍ਰਦੇਸ- 30 ਪੌਂਡ
ਪੰਜ ਸਾਲ : ਦੇਸ - 1000 ਰੁ:, ਪ੍ਰਦੇਸ- 120 ਪੌਂਡ

Designed and Typeset
Vishav Namdhari sangat,
Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099,
70713-63000

ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

# ਤਤਕਰਾ

* ਗੁਰਬਾਣੀ ਵੀਚਾਰ
ਸੰਤ ਨਿਸ਼ਾਨ ਸਿੰਘ ਜੀ................................4
* ਸੰਪਾਦਕੀ-- ਆਜ਼ਾਦੀ ਦਾ ਮੁੱਲ.....
ਸੇਵਕ ਹਰਪਾਲ ਸਿੰਘ............................................5
* ਹੁਕਮਨਾਮਾ : ਸ੍ਰੀ ਸਤਿਗੁਰੂ ਰਾਮ ਸਿੰਘ ਜੀ.............................7
* ਉਪਦੇਸ਼: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ.............................7
* ਜ਼ਰਾ ਯਾਦ ਕਰੋ ਕੁਰਬਾਨੀ
ਸੁਵਰਨ ਸਿੰਘ ਵਿਰਕ........................................8
* ਹੁੰਦਾ ਨਈਂ ਨਿਆਂ (ਕਹਾਣੀ)
ਅਮੀਨ ਮਲਿਕ.............................................14
* ਵੇਖੀ-ਸੁਣੀ ਵੰਡ ਦੀ ਦਾਸਤਾਨ (ਹੱਡ ਬੀਤੀ)
ਮਾਸਟਰ ਦਰਸ਼ਨ ਸਿੰਘ...................................21
* ਆਜ਼ਾਦੀ (ਕਵਿਤਾ)
ਹਜ਼ਾਰਾ ਸਿੰਘ ਮੁਸ਼ਤਾਕ....................................25
* ਆਜ਼ਾਦੀ ਦਾ ਸੂਰਜ (ਕਵਿਤਾ)
ਕਰਤਾਰ ਸਿੰਘ ਬਲੱਗਣ ...................................26
* ਭਾਰਤ ਦੀ ਗੁਲਾਮੀ ਦਾ ਮੁੱਢ-ਯੁਧਿਸ਼ਟਰ
ਸਾਧੂ ਸਿੰਘ ਕਿਸਾਨ........................................27
* ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ .......ਸਿਆਮ ਦੌਰੇ
ਸੰਤ ਇਕਬਾਲ ਸਿੰਘ ਮਨਚੰਦਾ...................28
* ਸੁੱਚੇ ਮੋਤੀ ........................................................31
* ਬੱਚਿਆਂ ਦਾ ਪੰਨਾ.....................................................32
* ਖ਼ਬਰਨਾਮਾ.............................................................33

# ਗੁਰਬਾਣੀ ਵੀਚਾਰ

## ਹੋਇ ਰਹੇ ਸਭ ਕੀ ਪਗ ਛਾਰ

ਸ੍ਰੀ ਗੁਰੂ ਅਰਜਨ ਦੇਵ ਜੀ ਸਤਿ-ਪੁਰਸ਼ਾਂ ਦੀ ਚੌਥੀ ਨਿਸ਼ਾਨੀ ਦਾ ਵਰਨਣ ਕਰਦੇ ਹੋਏ ਫੁਰਮਾਉਂਦੇ ਹਨ ਕਿ ਐਸੇ ਮਹਾਂ-ਪੁਰਖ ਅਪਣੀ ਹਉਮੈ ਦਾ ਵਿਨਾਸ਼ ਕਰਕੇ ਸਭ ਦੀ ਚਰਨ-ਧੂੜ ਹੋ ਰਹਿੰਦੇ ਹਨ।

ਜਿੱਥੇ ਮਨੁੱਖ ਸਰਬ ਜੀਆਂ ਦੇ ਮੁਕਾਬਲੇ ਵਿਲੱਖਣ ਸ਼ਕਤੀ ਅਤੇ ਸਮਰੱਥਾ ਰੱਖਦਾ ਹੈ ਉਥੇ ਇਸ ਵਿੱਚ ਇੱਕ ਐਸੀ ਕਮਜੋਰੀ ਵੀ ਹੈ, ਜੋ ਪਸ਼ੂਆਂ, ਪੰਛੀਆਂ ਜਾਂ ਕੀੜਿਆਂ ਪਤੰਗਿਆਂ ਵਿੱਚ ਨਹੀਂ ਹੈ। ਉਹ ਹੈ ਮਾਨ ਵਡਿਆਈ ਦੀ ਇੱਛਾ ਅਥਵਾ ਹਉਮੈ। 'ਹਉਮੈ ਰੋਗੁ ਮਾਨੁਖ ਕਉ ਦੀਨਾ' ਦੇ ਪਾਵਨ ਵਿਚਾਰ ਅਨੁਸਾਰ ਸਤਿਗੁਰੂ ਜੀ ਇਸ ਦੀ ਪ੍ਰੋੜਤਾ ਕਰਦੇ ਹਨ। ਮਨੁੱਖ ਦੀ ਮੈਂ ਨੇ ਇਸ ਨੂੰ ਆਪਣੇ ਆਸ-ਪਾਸ, ਗਲੀ-ਗੁਆਂਢ, ਇਲਾਕਾ, ਪ੍ਰਦੇਸ, ਦੇਸ਼ ਅਤੇ ਦੁਨੀਆ ਵਿਚ ਆਪਣੀ ਜਿੱਤ ਦੇ ਝੰਡੇ ਗੱਡਣ ਲਈ ਯਤਨਸ਼ੀਲ ਬਣਾ ਰੱਖਿਆ ਹੈ। ਇਸ ਦੇ ਕਰਕੇ ਹੀ ਇਸ ਦੁਨੀਆ ਵਿੱਚ ਦੁੱਖ, ਦੁਰਦਸ਼ਾ, ਬੇਚੈਨੀ ਅਤੇ ਵਿਆਕੁਲਤਾ ਮੱਚੀ ਹੋਈ ਹੈ। ਵੱਡੇ-ਵੱਡੇ ਤਿਆਗੀ ਅਖਵਾਉਣ ਵਾਲੇ ਲੋਕ ਵੀ ਇਸ ਹਉਮੈ ਰੋਗ ਦੇ ਗ੍ਰਸੇ ਹੋਏ ਹਨ ਜੇ ਉਹਨਾਂ ਨੂੰ ਹੋਰ ਕੋਈ ਇਛਾ ਨਾ ਵੀ ਹੋਵੇ ਇਤਿਹਾਸ ਵਿਚ ਆਪਣਾ ਨਾਮ ਅਮਰ ਰੱਖਣ ਦੀ ਪ੍ਰਬਲ ਇੱਛਾ ਤਾਂ ਉਹਨਾਂ ਦੇ ਅੰਦਰ ਵੀ ਹੈ। ਹਉਮੈ ਨੂੰ ਦੀਰਘ ਰੋਗ ਅਤੇ ਮਿੱਠਾ ਜ਼ਹਿਰ ਵੀ ਕਿਹਾ ਗਿਆ ਹੈ। ਇਸ ਨੂੰ ਗੁਰਬਾਣੀ ਵਿੱਚ ਆਵਾ-ਗਵਨ ਦਾ ਮੂਲ ਕਾਰਣ ਕਹਿ ਕੇ ਸੰਬੋਧਨ ਕਰਦੇ ਹਨ। ਮਾਇਕ ਪ੍ਰਪੰਚ ਵਿਚ ਉਲਝਾਉਣ ਵਾਲੀ ਸਰਬ ਪ੍ਰਮੁਖ ਬਿਰਤੀ ਹਉਮੈ ਨੂੰ ਤਿਆਗਣ ਨਾਲ ਮਨੁੱਖ ਦਾ ਭਵਿੱਖ ਉੱਜਲਾ ਹੁੰਦਾ ਹੈ। ਉਸ ਨੂੰ ਗੁਰਮਤਿ ਨੇ ਸਭ ਤੋਂ ਉੱਤਮ ਮੰਨਿਆ ਹੈ ਅਤੇ ਉਹ ਹੀ ਹਰ ਹਿਰਦੇ ਵਿੱਚ ਵਿਆਪਕ ਪ੍ਰਭੂ ਨੂੰ ਜਾਣ ਸਕਦਾ ਹੈ।

ਯਥਾ :- ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥
ਜਾ ਕਾ ਮਨੁ ਹੋਇ ਸਗਲ ਕੀ ਰੀਨਾ॥ ਹਰਿ ਹਰਿ ਨਾਮੁ ਤਿਨਿ ਘਟਿ ਘਟਿ ਚੀਨਾ॥

ਇੱਕ ਅਧਿਆਤਮਵਾਦੀ ਹਉਮੈ ਦੀ ਬਿਰਤੀ ਨੂੰ ਪ੍ਰਕਾਸ਼ ਮਈ ਮਨ ਦੇ ਅਧੀਨ ਕਰਕੇ ਨਿਮਰਤਾ ਸੰਯੁਕਤ ਹੋ ਕੇ ਹਰੀ ਪਰਮੇਸ਼ਰ ਦੇ ਤੱਤ-ਸਰੂਪ ਨੂੰ ਪ੍ਰਾਪਤ ਕਰਦਾ ਹੈ।

ਹਰਿ ਭਇਓ ਖਾਂਡੁ ਰੇਤੁ ਮਹਿ ਬਿਖਰਿਓ ਹਸਤੀ ਚੁਨਿਓ ਨ ਜਾਈ॥
ਕਹਿ ਕਮੀਰ ਕੁਲ ਜਾਤਿ ਪਾਂਤਿ ਤਜਿ ਚੀਟੀ ਹੋਇ ਚੁਨਿ ਖਾਈ॥

ਹਿਰਦੇ ਦੀ ਗਰੀਬੀ ਵਾਲਾ ਮਨੁੱਖ ਦੋਹਾਂ ਜਹਾਨਾਂ ਵਿਚ ਸੁਖੀ ਰਹਿੰਦਾ ਹੈ। ਪਰ ਇਹ ਪ੍ਰਾਪਤੀ ਹਰਿ ਕਿਰਪਾ ਦੁਆਰਾ ਹੀ ਹੋ ਸਕਦੀ ਹੈ।

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥
ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥

ਪਰ ਜਿਥੇ ਖੁਦੀ ਹੈ ਉੱਥੇ ਖੁਦਾ ਪ੍ਰਗਟ ਨਹੀਂ ਹੁੰਦਾ। ਹੰਕਾਰ ਅਤੇ ਨਿਰੰਕਾਰ ਦਾ ਆਪਸੀ ਮੇਲ ਨਹੀਂ ਬਣਦਾ। ਹਉਮੈ ਦਾ ਨਾਮ ਨਾਲ ਆਦਿ ਕਾਲ ਤੋਂ ਹੀ ਵਿਰੋਧ ਹੈ। ਕਬੀਰ ਸਾਹਿਬ ਦਾ ਬਚਨ ਹੈ ਕਿ ਹੇ ਪ੍ਰਭੂ !ਜਿਨਾਂ ਚਿਰ ਅਸੀਂ ਆਪਣੇ ਆਪ ਨੂੰ ਕੁਝ ਮੰਨਦੇ ਸਾਂ ਉਨਾਂ ਚਿਰ ਸਾਡੇ ਅੰਦਰ ਤੇਰਾ ਪ੍ਰਕਾਸ਼ ਨਹੀਂ ਹੋਇਆ ਭਾਵ ਤੂੰ ਪ੍ਰਗਟ ਨਹੀਂ ਹੋਇਆ।

ਪਰ ਹੁਣ ਜਦੋਂ ਤੂੰ ਗੁਰੂ ਦੀ ਕਿਰਪਾ ਦੁਆਰਾ ਆਪਣਾ ਜ਼ਹੂਰ ਸਾਡੇ ਅੰਦਰ ਪ੍ਰਕਾਸ਼ਮਾਨ ਕਰ ਦਿੱਤਾ ਹੈ ਤਾਂ ਸਾਡੇ ਵਿੱਚ ਉਹ ਪਹਿਲਾਂ ਵਾਲੀ ਹਉਮੈ-ਬਿਰਤੀ ਨਹੀਂ ਰਹੀ। ਹੁਣ ਸਾਡੀ ਮੈਂ ਤੇਰੇ ਵਿੱਚ ਸਮਾ ਗਈ ਹੈ। ਮੈਂ ਤੂੰ ਦਾ ਭੇਦ ਮਿਟ ਗਿਆ ਅਤੇ ਅਸੀ ਤੇਰਾ 'ਰੂਪ ਹੋ ਗਏ ਹਾਂ। ' ਹੁਣ ਤੈਨੂੰ ਦੇਖ ਕੇ ਸਾਡਾ ਮਨ ਮੰਨ ਗਿਆ ਹੈ ਕਿ ਸਭ ਕੁੱਝ ਤੂੰ ਹੀ ਤੂੰ ਹੈ ਤੈਥੋਂ ਵੱਖਰਾ ਹੋਰ ਕੁਝ ਵੀ ਨਹੀਂ।

ਜਬ ਹਮ ਹੋਤੇ ਤਬ ਤੁਮ ਨਾਹੀ ਅਬ ਤੁਮ ਹਹੁ ਹਮ ਨਾਹੀ॥
ਅਬ ਹਮ ਤੁਮ ਏਕ ਭਏ ਹਹਿ ਏਕੈ ਦੇਖਤ ਮਨੁ ਪਤੀਆਹੀ॥

'**ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ**' ਦੇ ਪਵਿੱਤਰ ਵਾਕ ਅਨੁਸਾਰ ਐਸੇ ਆਤਮ ਗਿਆਨੀ ਪੁਰਸ਼ ਇਹ ਜਾਣ ਲੈਂਦੇ ਹਨ ਕਿ ਜੋ ਕੁਝ ਨਾਮ ਅਤੇ ਰੂਪ ਕਰਕੇ ਦ੍ਰਿਸ਼ਟੀ ਗੋਚਰ ਹੋ ਰਿਹਾ ਹੈ। ਇਹ ਸਾਰਾ ਮੇਰਾ ਆਪਾ ਹੀ ਤਾਂ ਹੈ ਫੇਰ ਵੱਡੇ-ਛੋਟੇ ਦੀ ਭਾਵਨਾ ਕਿਉਂ? ਮਿੱਟੀ ਦੇ ਖਿਡੌਣੇ ਵੇਚਣ ਵਾਲਾ ਉਸੇ ਮਿੱਟੀ ਨਾਲ ਹੀ ਰਾਜਾ, ਸੇਵਕ, ਸ਼ੇਰ ਹਾਥੀ ਆਦਿਕ ਬਣਾਉਂਦਾ ਹੈ। ਵੰਨ-ਸੁਵੰਨੇ ਇਹਨਾਂ ਰੂਪਾਂ ਦੀ ਕੀਮਤ ਤਾਂ ਉਨਾਂ ਚਿਰ ਹੀ ਹੈ, ਜਿਨਾਂ ਚਿਰ ਇਹਨਾਂ ਵਿੱਚ ਪ੍ਰਭੂ ਦੀ ਜੋਤਿ ਕੰਮ ਕਰਦੀ ਹੈ। ਉਸ ਸ਼ਕਤੀ ਦੇ ਨਿਕਲ ਜਾਣ ਤੋਂ ਬਾਅਦ ਤਾਂ ਸਾਰੇ ਹੀ ਫਿਰ ਮਿੱਟੀ ਵਿੱਚ ਲੀਨ ਹੋ ਜਾਂਦੇ ਹਨ। ਐਸੀਆਂ ਅਰਸ਼ੀ ਰੂਹਾਂ ਦੇ ਅੰਦਰ ਇਹ

**ਬਾਕੀ ਸਫ਼ਾ 24 'ਤੇ........................**

**ਨਿਸ਼ਾਨ ਸਿੰਘ,ਸ੍ਰੀ ਭੈਣੀ ਸਾਹਿਬ**
**ਸੰਪਰਕ: 94632-46448**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ੧੯੭੭ ਬ੍ਰਿ. (1920ਈ:) ਤੋਂ ਸਥਾਪਿਤ
ਜਿਲਦ 26 ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਨੰਬਰ 17
੨੫ ਤੋਂ ੩੧ ਸਾਉਣ ੨੦੭੫ ਬ੍ਰਿ: 9 to 15 August 2018 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੨੦੩

# ਆਜ਼ਾਦੀ ਦਾ ਮੁੱਲ.....

ਕੀਮਤ ਕਦਰ ਸਨਾਸ਼ ਗੁਲਾਂ ਦੀ ਕੋਈ ਭਵਰੋਂ ਜਾਇ ਪੁਛਾਵੇ।
ਹੋਵੇ ਮੁੱਲ ਮਾਲੂਮ ਲੈਲੀ ਦਾ ਜੇ ਮਜਨੂੰ ਮੁੱਲ ਪਾਵੇ।

ਜਿਵੇਂ ਫੁੱਲਾਂ ਦੀ ਕਦਰ, ਕੀਮਤ ਕੋਈ ਪੁੱਛੇ ਭੰਵਰੇ ਤੋਂ, ਇਵੇਂ ਹੀ ਆਜ਼ਾਦੀ ਦਾ ਮੁੱਲ ਪੁੱਛੋ ਉਨ੍ਹਾਂ ਦੇਸ਼ ਭਗਤਾਂ, ਸ਼ਮ੍ਹਾਂ ਦੇ ਪ੍ਰਵਾਨਿਆਂ ਤੋਂ 'ਸਰਫਰੋਸ਼ੀ ਕੀ ਤਮੰਨਾ ' ਜਿਨ੍ਹਾਂ ਦੇ ਦਿਲ ਵਿੱਚ ਸੀ, ਜਿਨ੍ਹਾਂ ਨੇ ਆਪਣੀਆਂ ਜਵਾਨੀਆਂ ਦੇਸ਼ ਦੀ ਆਜ਼ਾਦੀ ਤੋਂ ਇੱਕ ਤਿਨਖੇ ਵਾਂਗ ਕੁਰਬਾਨ ਕੀਤੀਆਂ। ਜਿਨ੍ਹਾਂ ਤੋਪਾਂ ਹਿੱਕੀਂ ਝੱਲੀਆਂ, ਫਾਂਸੀਆਂ ਦੇ ਰੱਸਿਆਂ ਨੂੰ ਚੁੰਮਿਆਂ, ਜ਼ਾਲਮ ਹਾਕਮਾਂ ਦੀ ਵੰਗਾਰ ਨੂੰ ਕਬੂਲਿਆ। ਗੁਲਾਮੀ ਦੇ ਅੰਧਕਾਰ ਵਿੱਚ ਆਜ਼ਾਦੀ ਦੀ ਜੋਤ ਜਗਾਈ।

15 ਅਗਸਤ, ਭਾਰਤ ਦਾ ਆਜ਼ਾਦੀ ਦਿਹਾੜਾ, ਹਰ ਵਰ੍ਹੇ ਪੂਰੇ ਦੇਸ਼ ਭਰ ਵਿੱਚ ਬੜੇ ਚਾਅ ਅਤੇ ਉਮਾਹ ਨਾਲ ਮਨਾਇਆ ਜਾਂਦਾ ਹੈ। ਇਹ ਸੁਭਾਗਾ ਦਿਨ ਬਰਤਾਨਵੀ ਸਾਮਰਾਜ ਦੀ ਬਸਤੀਵਾਦੀ ਸਰਕਾਰ ਦੀ ਗੁਲਾਮੀ ਤੋਂ ਮੁਕਤ ਹੋਣ ਦਾ ਦਿਨ ਹੈ, ਜਿਸ ਗੁਲਾਮੀ ਦਾ ਸੰਤਾਪ ਦੋ ਸਦੀਆਂ ਭਾਰਤ ਨੇ ਅਤੇ ਇੱਕ ਸਦੀ ਭਰ ਪੰਜਾਬ ਨੇ ਹੰਢਾਇਆ। ਲੱਖਾਂ ਸੂਰਮੇ ਜੂਝੇ, ਮਾਵਾਂ ਦੇ ਪੁੱਤਾਂ ਤੋਪਾਂ ਦੇ ਗੋਲਿਆਂ ਦਾ ਸਾਮ੍ਹਣਾ ਕੀਤਾ, ਫਾਂਸੀਆਂ ਦੇ ਰੱਸੇ ਚੁੰਮੇ। ਜਵਾਨੀਆਂ ਜੇਲ੍ਹਾਂ ਵਿੱਚ ਗਾਲੀਆਂ, ਕਾਲੇ ਪਾਣੀਆਂ ਦੇ ਕਸ਼ਟ ਝੱਲੇ। ਉਨ੍ਹਾਂ ਸ਼ਹੀਦਾਂ ਦੇ ਬਜ਼ੁਰਗਾਂ, ਮਾਪਿਆਂ, ਵਿਧਵਾਵਾਂ, ਬੱਚਿਆਂ ਦੇ ਦੁੱਖਾਂ ਦੀ ਕਹਾਣੀ ਕੌਣ ਯਾਦ ਕਰਦਾ ਹੈ। ਪਰ ਭਾਰਤ ਆਜ਼ਾਦ ਹੁੰਦਿਆਂ ਹੀ ਪਰਚਾਰ ਕੀਤਾ ਗਿਆ-

ਸਾਬਰਮਤੀ ਕੇ ਸੰਤ ਨੇ ਕਰ ਦੀਆ ਕਮਾਲ,
ਬਿਨਾ ਤੋਪ ਬੰਦੂਕ ਕੇ, ਦੇਸ਼ ਕਰ ਲੀਆ ਆਜ਼ਾਦ।

ਆਜ਼ਾਦੀ ਸੰਗਰਾਮ ਦਾ ਸਿਹਰਾ ਕੁਝ ਵਿਸ਼ੇਸ਼ ਵਿਅਕਤੀਆਂ ਅਤੇ ਇੱਕ ਪਾਰਟੀ ਦੇ ਨਾਮ ਹੀ ਕਰ ਦਿੱਤਾ।

ਬੇਸ਼ੱਕ ਅੱਜ ਦੇ ਇਤਿਹਾਸਕਾਰ ਬਰਤਾਨਵੀ ਸਾਮਰਾਜ ਵਿਰੁੱਧ ਮੁਕਤੀ ਸੰਘਰਸ਼ ਨੂੰ ਹੀ ਆਜ਼ਾਦੀ ਦਾ ਇਤਿਹਾਸ ਮੰਨਦੇ ਹਨ। ਭਾਵੇਂ ਭਾਰਤ ਦਾ ਆਜ਼ਾਦੀ ਸੰਘਰਸ਼ ਕਈ ਸਦੀਆਂ ਦਾ ਸੰਘਰਸ਼ ਹੈ। ਸਿਕੰਦਰ ਦੇ ਹਮਲੇ, ਮਹਿਮੂਦ ਗਜ਼ਨਵੀ, ਤੈਮੂਰ, ਬਾਬਰ, ਮੁਗਲ ਸਾਮਰਾਜ, ਅਹਿਮਦ ਸ਼ਾਹ ਅਬਦਾਲੀ ਕੀ ਇਹ ਸਾਰੇ ਵਿਦੇਸ਼ੀ ਹਮਲਾਵਾਰ ਨਹੀਂ ਸਨ। ਕੀ ਇਨ੍ਹਾਂ ਦੇ ਜ਼ੁਲਮਾਂ ਵਿਰੁੱਧ ਸੰਘਰਸ਼ ਕਰਨ ਵਾਲੇ ਸਾਡੇ ਰਾਸ਼ਟਰ ਨਾਇਕ ਨਹੀਂ ਹਨ। ਕਈ ਸਦੀਆਂ ਦੇ ਮੁਗਲ ਸਾਮਰਾਜ ਦੌਰਾਨ ਆਜ਼ਾਦੀ ਦੀ ਜੋਤ ਨੂੰ ਜਗਦਿਆਂ ਰੱਖਣ ਵਾਲੇ ਦੇਸ਼ ਭਗਤਾਂ ਦੀਆਂ ਸ਼ਹਾਦਤਾਂ ਨੂੰ ਵੀ ਅੱਖੋਂ-ਪਰੋਖੇ ਨਹੀਂ ਕਰਨਾ ਚਾਹੀਦਾ।
ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਮੁੱਲ ਤਾਰਿਆ ਪੰਜਾਬ ਨੇ। ਜੇ ਪੰਜਾਬ ਵਿੱਚ ਮੁਗਲੀਆ ਹਕੂਮਤ ਵਿਰੁੱਧ ਸਿੱਖ ਗੁਰੂ-ਸਾਹਿਬਾਨ ਸੰਘਰਸ਼ ਨਾ ਵਿੱਢਦੇ। ਹਿੰਦ ਦੀ ਚਾਦਰ, ਗੁਰੂ ਤੇਗ ਬਹਾਦਰ ਦੀ ਸ਼ਹੀਦੀ ਨਾ ਹੁੰਦੀ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਹਕੂਮਤ ਨੂੰ ਨਾ ਵੰਗਾਰਦੇ। ਇਕ ਸਦੀ ਭਰ ਵਿੱਚ ਸਿੰਘਾਂ ਦੀਆਂ ਇੱਕ ਲੱਖ ਸ਼ਹਾਦਤਾਂ ਨਾ ਹੁੰਦੀਆਂ। ਮਹਾਂਰਾਸ਼ਟਰ ਵਿੱਚ ਮਰਹੱਟੇ ਨਾ ਜੂਝਦੇ ਤਾਂ ਭਾਰਤ ਵੀ ਅੱਜ ਇੱਕ ਇਸਲਾਮਿਕ ਦੇਸ਼ ਹੀ ਹੁੰਦਾ। ਸਦੀਆਂ ਤੋਂ ਕਾਬਲ ਵੱਲ ਹੁੰਦੇ ਹਮਲਿਆਂ ਨੂੰ ਰੋਕਣ ਵਾਲੇ. ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ ਵੀ ਤਾਂ ਭਾਰਤ ਦੇ ਆਜ਼ਾਦੀ ਸੰਗਰਾਮ ਦੇ ਨਾਇਕ ਹੀ ਤਾਂ ਹਨ। ਪੰਜਾਬ ਦੇ ਸਿੱਖ ਯੋਧਿਆਂ ਸਦਕਾ ਹੀ ਅੰਗ੍ਰੇਜ਼ ਭਾਰਤ ਤੇ ਕਾਬਜ ਹੋਣ ਤੋਂ ਸੌ ਸਾਲ ਬਾਦ ਪੰਜਾਬ ਨੂੰ ਆਪਣੇ ਅਧੀਨ ਕਰ ਸੱਕੇ, ਉਹ ਵੀ ਤਾਕਤ ਨਾਲ ਨਹੀਂ ਸਗੋਂ ਛਲ-ਕਪਟ ਨਾਲ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਅਧੀਨ ਕਰ ਸੱਕੇ, ਉਹ ਵੀ

ਤਾਕਤ ਨਾਲ ਨਹੀਂ ਸਗੋਂ ਛਲ-ਕਪਟ ਨਾਲ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਵਰਗੇ ਸੂਰਬੀਰ ਰਾਜੇ ਦੀ ਅਣਹੋਂਦ ਕਾਰਨ-ਸਿੱਖ ਫੌਜਾਂ 'ਜਿੱਤ ਕੇ ਅੰਤ ਨੂੰ ਹਾਰ ਗਈਆਂ'। ਸ. ਸ਼ਾਮ ਸਿੰਘ ਅਟਾਰੀ, ਭਾਈ ਮਹਾਰਾਜ ਸਿੰਘ ਵਰਗੇ ਅਨੇਕਾਂ ਸਿੱਖ ਸੂਰਬੀਰਾਂ ਨੇ ਆਪਣੇ ਜੀਵਨ ਕੁਰਬਾਨ ਕਰਕੇ ਆਜ਼ਾਦੀ ਦਾ ਮੁੱਲ ਤਾਰਿਆ।


ਪੰਜਾਬ ਸਭ ਤੋਂ ਬਾਅਦ ਗੁਲਾਮ ਹੋਇਆ ਅਤੇ ਸਭ ਤੋਂ ਪਹਿਲਾਂ ਆਜ਼ਾਦੀ ਸੰਘਰਸ਼ ਵੀ ਪੰਜਾਬ ਨੇ ਹੀ ਸ਼ੁਰੂ ਕੀਤਾ। ਜ਼ਿਲ੍ਹਾ ਲੁਧਿਆਣਾ ਦੇ ਛੋਟੇ ਜਹੇ ਪਿੰਡ ਸ੍ਰੀ ਭੈਣੀ ਸਾਹਿਬ ਤੋਂ 12 ਅਪ੍ਰੈਲ 1857 ਈ. ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਅਮਨ ਅਤੇ ਸੁਤੰਤਰਤਾ ਦਾ ਪ੍ਰਤੀਕ ਸਫੈਦ ਤਿਕੋਣਾ ਝੰਡਾ ਝੁਲਾ ਕੇ ਬਹੁਮੁਖੀ ਆਜ਼ਾਦੀ ਸੰਗਰਾਮ ਆਰੰਭ ਕੀਤਾ। ਸਤਿਗੁਰੂ ਰਾਮ ਸਿੰਘ, ਜਿਹਨਾਂ ਨੇ ਆਜ਼ਾਦੀ ਦਾ ਸੂਰਜ ਸਿਖਰ ਤੇ ਵੀ ਵੇਖਿਆ ਸੀ, ਛਿਪਦਾ ਵੀ ਵੇਖਿਆ ਸੀ। ਇਸਦੇ ਕਾਰਨ ਵੀ ਘੋਖੇ-ਸਮਝੇ ਸਨ। ਇਹ ਉਹ ਸਮਾਂ ਸੀ ਜਦੋਂ ਰਜਵਾੜਿਆਂ, ਸਰਦਾਰਾਂ ਅਤੇ ਧਾਰਮਿਕ ਆਗੂਆਂ ਨੇ ਗੁਲਾਮੀ ਨੂੰ ਸ਼ਿੰਗਾਰ ਵਜੋਂ ਅਪਨਾ ਲਿਆ ਸੀ। ਗੁਲਾਮੀ, ਜਨ-ਸਾਧਾਰਨ ਦੀ ਮਜ਼ਬੂਰੀ ਬਣ ਚੁੱਕੀ ਸੀ। 1857 ਦਾ ਵਿਦਰੋਹ ਵੀ ਕਈ ਕਾਰਨਾਂ ਕਰਕੇ ਅਸਫਲ ਹੋ ਚੁੱਕਿਆ ਸੀ। ਜ਼ਾਲਮ ਅੰਗ੍ਰੇਜ਼ ਹਾਕਮਾਂ ਨੇ ਵਿਦਰੋਹੀਆਂ ਨੂੰ ਬੜੀ ਬੇਰਹਿਮੀ ਨਾਲ ਕੁਚਲ ਦਿੱਤਾ ਸੀ। ਜਨ ਸਾਧਾਰਨ ਵਿੱਚ ਦਹਿਸ਼ਤ ਫੈਲਾਉਣ ਲਈ ਗਦਰੀਆਂ ਦੀਆਂ ਲਾਸ਼ਾਂ ਅੰਮ੍ਰਿਤਸਰ-ਦਿੱਲੀ ਮੁੱਖ ਮਾਰਗ ਤੇ ਰੁੱਖਾਂ ਨਾਲ ਲਟਕਾਈਆਂ। ਅੰਗ੍ਰੇਜ਼ ਸਾਮਰਾਜ ਵਿਰੁੱਧ ਕੋਈ ਉੱਚੀ ਸਾਹ ਨਹੀਂ ਸੀ ਲੈਂਦਾ। ਅਜੇਹੀ ਸਾਹਸਤਹੀਣਤਾ ਅਤੇ ਅਧੋਗਤੀ ਚੋਂ ਕੱਢਣ ਲਈ ਸਤਿਗੁਰੂ ਰਾਮ ਸਿੰਘ ਨੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਵਾ ਕੇ ਦਸਮ ਪਾਤਸ਼ਾਹ ਦੀ 'ਸਵਾ ਲਾਖ ਦੇ ਏਕ ਲੜਾਊਂ' ਦੀ ਸੂਰਬੀਰਤਾ ਦੀ ਭਾਵਨਾ ਮੁੜ ਸੁਰਜੀਤ ਕੀਤੀ। ਜਿਸ ਹਕੂਮਤ ਦੇ ਰਾਜ ਵਿੱਚ ਸੂਰਜ ਨਹੀਂ ਸੀ ਛਿਪਦਾ, ਉਸਨੂੰ ਦਾੜ੍ਹੀਓਂ ਫੜ ਕੇ ਝੰਜੋੜਨ ਦੀ ਜ਼ੁਅਰਤ ਪੈਦਾ ਕੀਤੀ। ਤੋਪਾਂ ਦੇ ਗੋਲੇ ਛਾਤੀਆਂ ਤੇ ਸਹਿਨ ਕਰਨ ਦੀ ਹਿੰਮਤ ਪੈਦਾ ਕੀਤੀ। ਫਾਂਸੀ ਦੇ ਤਖਤੇ ਤੇ ਖਲੋ ਕੇ, ਆਪਣੇ ਹੱਥੀਂ ਗਲ ਵਿੱਚ ਫਾਂਸੀ ਦਾ ਰੱਸਾ ਪਾਉਣ ਲੱਗਿਆਂ ਸੂਬਾ ਰਤਨ ਸਿੰਘ ਉਰਫ ਗਿਆਨਾ ਸਿੰਘ ਨੇ ਅੰਗ੍ਰੇਜ਼ ਹਾਕਮਾਂ ਨੂੰ ਵੰਗਾਰ ਕੇ ਆਖਿਆ 'ਬਿੱਲਿਆ ਪਿੱਠ ਕਿਉਂ ਕੀਤੀ ਹੈ ਜਵਾਈ ਵੰਨੇ, ਮੂੰਹ ਤਾਂ ਸਾਮ੍ਹਣੇ ਰੱਖ, ਕੋਈ ਮਾਉਂ ਜਣੇਗੀ ਜਵਾਨ ਹੋਇ ਕੇ ਸ੍ਰੀ ਸਾਹਿਬ ਫੜਾਂਗੇ ਅਤੇ ਤੁਸਾਂ ਦੇ ਤਹਿਤ ਨੂੰ ਉਠਾਵਾਂਗੇ।' ਅਜੇਹੀ ਖਾਲਸਾਈ ਸੂਰਬੀਰਤਾ ਨੇ ਬਰਤਾਨਵੀ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਨੇ ਬਹੁਮੁਖੀ ਆਜ਼ਾਦੀ ਸੰਗਰਾਮ ਆਰੰਭਿਆ। ਵਿਦੇਸ਼ੀ ਸਰਕਾਰ ਨਾਲ ਪੂਰਨ ਨਾ-ਮਿਲਵਰਤਨ, ਸਰਕਾਰੀ ਅਦਾਰਿਆ ਰੇਲ, ਡਾਕ-ਤਾਰ ਅਤੇ ਅਦਾਲਤਾਂ ਦਾ ਬਾਈਕਾਟ, ਆਜ਼ਾਦ ਗਵਾਂਢੀ ਰਾਜਾਂ ਨਾਲ ਰਾਜਨੀਤਿਕ ਸੰਬੰਧ ਕਾਇਮ ਕੀਤੇ। ਕੂਕਾ ਪਲਟਨ ਦੀ ਕਾਇਮੀ ਅਤੇ 1871-72 ਈ. ਵਿੱਚ ਨਾਮਧਾਰੀ ਸਿੰਘਾਂ ਦੀਆਂ ਸ਼ਹਾਦਤਾਂ ਨੇ ਗੁਲਾਮੀ ਦੀ ਘੂਕ ਨੀਂਦ ਵਿੱਚ ਸੁੱਤੇ ਦੇਸ਼ ਵਾਸੀਆਂ ਦੀ ਅਣਖ ਨੂੰ ਝੰਜੋੜਿਆ, ਆਜ਼ਾਦੀ ਦਾ ਪਾਠ ਪੜ੍ਹਾਇਆ। 1857 ਤੋਂ 1947 ਤੱਕ ਸਮੁੱਚੇ ਨਾਮਧਾਰੀ ਸਿੱਖ ਸਮਾਜ ਨੂੰ ਜ਼ੁਰਾਇਮ ਪੇਸ਼ਾ ਕਰਾਰ ਦਿੱਤਾ ਗਿਆ। ਜਾਇਦਾਦਾਂ ਜ਼ਬਤ ਹੋਈਆਂ। ਸ੍ਰੀ ਭੈਣੀ ਸਾਹਿਬ ਇਕਵੰਜਾ ਵਰ੍ਹੇ ਪੁਲੀਸ ਚੌਕੀ ਬੈਠੀ ਰਹੀ। ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਵੀਹਵੀਂ ਸਦੀ ਵਿੱਚ ਕਈ ਲਹਿਰਾਂ ਉੱਠ ਖੜ੍ਹੀਆਂ ਹੋਈਆਂ। ਕਿਸਾਨ ਅੰਦੋਲਨ, ਪਗੜੀ ਸੰਭਾਲ ਜੱਟਾ, ਗਦਰ ਲਹਿਰ, ਭਾਰਤ ਨੌਜੁਆਨ ਸਭਾ, ਬੱਬਰ ਲਹਿਰ, ਕਾਂਗਰਸ ਅੰਦੋਲਨ, ਭਾਰਤ ਛੱਡੋ ਅਤੇ ਆਜ਼ਾਦ ਹਿੰਦ ਫੌਜ ਆਦਿ ਅਨੇਕਾਂ ਲਹਿਰਾਂ ਹਨ, ਜਿਨ੍ਹਾਂ ਦੀਆਂ ਕੁਰਬਾਨੀਆਂ ਆਜ਼ਾਦੀ ਮਹੱਲ ਦੀ ਨੀਂਹ ਵਿੱਚ ਪਈਆਂ ਹੋਈਆਂ ਹਨ। ਬੇਸ਼ੱਕ ਮਹੱਲ ਦਾ ਚਮਕਦਾ ਕਲਸ ਉਨ੍ਹਾਂ ਪੱਥਰਾਂ ਦੇ ਸਹਾਰੇ ਖੜ੍ਹਾ ਹੁੰਦਾ ਹੈ ਜੋ ਨੀਂਹ ਵਿੱਚ ਦੱਬੇ ਪਏ ਹੁੰਦੇ ਹਨ। ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਵਿੱਚ ਲੱਖਾਂ ਸੂਰਬੀਰਾਂ ਦੀਆਂ ਕੁਰਬਾਨੀਆਂ ਆਜ਼ਾਦੀ ਮਹੱਲ ਦੇ ਨੀਂਹ ਦੇ ਪੱਥਰ ਹੀ ਤਾਂ ਹਨ।

ਅਖੀਰ ਲੱਖਾਂ ਕੁਰਬਾਨੀਆਂ ਦੇ ਕੇ 15 ਅਗਸਤ 1947 ਨੂੰ ਭਾਰਤ ਆਜ਼ਾਦ ਹੋਇਆ ਪਰ ਬਹੁਤ ਹੀ ਮਹਿੰਗੇ ਮੁੱਲ। ਜਿੰਨਾਂ ਜਾਨੀ ਮਾਲੀ ਨੁਕਸਾਨ ਭਾਰਤ ਦਾ ਦੋ ਸਦੀਆਂ ਵਿੱਚ ਹੋਇਆ ਸ਼ਾਇਦ ਉਸ ਤੋਂ ਕਿਤੇ ਵੱਧ ਦੋ ਮਹੀਨਿਆਂ ਵਿੱਚ ਹੋ ਗਿਆ। ਦੇਸ਼ ਦੇ ਦੋ ਟੁਕੜੇ ਹੋ ਗਏ, ਭਾਰਤ ਅਤੇ ਪਾਕਿਸਤਾਨ। ਅੱਸੀ ਲੱਖ ਦੀ ਮਾਈਗਰੇਸ਼ਨ ਹੋਈ, ਦਸ ਲੱਖ ਹਿੰਦੂ ਮੁਸਲਮਾਨ ਅਤੇ ਸਿੱਖ ਮਾਰੇ ਗਏ। ਧੀਆਂ ਭੈਣਾਂ ਦੀ ਬੇਪਤੀ ਹੋਈ। ਬੱਚੇ ਅਨਾਥ ਹੋ ਗਏ। ਔਰਤਾਂ ਦੇ ਪੁੱਤਰ ਅਤੇ ਪਤੀ ਉਨ੍ਹਾਂ ਦੇ ਸਾਮ੍ਹਣੇ ਕਤਲ ਕੀਤੇ ਗਏ। ਪਰ ਏਡੇ ਮਹਿੰਗੇ ਮੁੱਲੋਂ ਮਿਲੀ ਆਜ਼ਾਦੀ ਦਾ ਜੇ ਸਭ ਤੋਂ ਵੱਧ ਲਾਭ ਹੋਇਆ ਹੈ, ਤਾਂ ਸਾਡੇ ਰਾਜਨੇਤਾਵਾਂ ਨੂੰ, ਪੂੰਜੀਪਤੀਆਂ ਨੂੰ ਹੋਇਆ ਹੈ । ਅੱਜ ਦੇ ਭਾਰਤ ਦੇ ਹਾਲਤਾ ਵੇਖ ਕੇ ਕਈ ਸਵਾਲ ਉੱਠਦੇ ਹਨ ਕਿ ਜਿਸ ਆਜ਼ਾਦੀ ਵਾਸਤੇ ਦੇਸ਼ ਭਗਤਾਂ ਨੇ ਕੁਰਬਾਨੀਆਂ ਦਿੱਤੀਆਂ ਸਨ, ਸਾਨੂੰ ਉਹ ਆਜ਼ਾਦੀ ਮਿਲੀ ਹੈ? ਕੁਰਬਾਨੀਆਂ ਕਿਸੇ ਕੀਤੀਆਂ ਅਤੇ ਆਜ਼ਾਦੀ ਦਾ ਸਿਹਰਾ ਕਿਸੇ ਸਿਰ ਬੰਨਿਆਂ ਗਿਆ। ਦੇਸ਼ ਆਜ਼ਾਦ ਹੋਣ ਉਪਰੰਤ ਪ੍ਰਸਿੱਧ ਆਜ਼ਾਦੀ ਘੁਲਾਟੀਏ ਗਦਰ ਲਹਿਰ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਨੇ ਆਖਿਆ ਸੀ-

'ਇਹ ਆਜ਼ਾਦੀ ਅਧੂਰੀ ਹੈ। ਆਜ਼ਾਦੀ ਸੀ ਜੋ ਸਤਿਗੁਰੂ ਰਾਮ ਸਿੰਘ ਕਾਇਮ ਕਰਦੇ ਸਨ। ਨਿਰ-ਲਾਲਚ ਅਤੇ ਨਿਰ-ਲੋਭ ਕਰ ਦਿੱਤਾ ਸੀ। ਝੂਠ ਫਰੇਬ ਕੱਢ ਦਿੱਤਾ ਸੀ। ਜਿੰਨਾ ਚਿਰ ਸਤਿਗੁਰੂ ਰਾਮ ਸਿੰਘ ਦੇ ਪਾਏ ਪੂਰਨਿਆਂ ਤੇ ਨਹੀਂ ਚੱਲਦੇ, ਸਾਡੀ ਆਜ਼ਾਦੀ ਡਾਵਾਂਡੋਲ ਹੈ।'

**-ਹਰਪਾਲ ਸਿੰਘ ਸੇਵਕ**
**ਸੰਪਰਕ:94176-01321**


# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਜੀ ਏਥੇ ਅਸੀ ਆਇਕੇ ਸਾਖੀਆ ਦੇ ਬਹੁਤ ਅਰਥ ਸਮਝੇ ਹਾ ਗੁਰੂ ਸਾਹਿਬ ਦੀ ਮਿਹਰ ਨਾਲ। ਅਗੇ ਸਾਖੀਆ ਵਲ ਥੋੜਾ ਧਿਆਨ ਸੀ। ਕਿਸ ਕਰਕੇ, ਕੋਈ ਦੁਖ ਨਹੀ ਥਾ। ਭਜਨ ਬਾਣੀ ਸੁਖ ਸਹਿਤ ਕਰਦੇ ਸੀ। ਖਾਣ ਪੈਨਣ ਦੀ ਕੁਛ ਕਮੀ ਨਹੀ ਸੀ। ਗੁਰੂ ਜੀ ਦਾ ਦਾਨ ਕੁਛ ਘਾਟਾ ਨਹੀ ਥਾ, ਸੁਖ ਸੇ। ਹੁਣ ਜਦ ਦੁਖ ਹੋਣ ਲਗਾ ਤਾ ਗੁਰੂ ਜੀ ਦੇ ਬਚਨਾ ਬਲਿ ਢੂਡਿ ਲਗੇ ਕਰਨਿ। ਕਿਓ ਜੋ ਦੁਖ ਬਣਦਾ ਹੈ ਤਾ ਵੈਦ ਦੀ ਢੂਡਿ ਕਰੀਦੀ ਹੈ। ਬਿਨਾ ਦੁਖ ਵੈਦਾ ਦੀ ਢੂਡਿ ਨਹੀ ਕਰੀਦੀ। ਦੁਖ ਬਣਿਆ ਤਾ ਦੇਖਣ ਲਗੇ। ਸੋ ਭਾਈ ਸਾਖੀਆ ਦੇ ਬਚਨ ਸਤਿ ਹੈ।

**(ਹੁਕਮਨਾਮਾ ੩)**

# ਉਪਦੇਸ਼ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ



## ਅੰਮ੍ਰਿਤ-ਨਾਮੁ

"ਅੰਮ੍ਰਿਤ ਸ਼ਬਦ ਦਾ ਅਰਥ ਹੈ ਕਿ ਜੋ ਮ੍ਰਿਤੂ ਤੋਂ ਰਹਿਤ ਕਰ ਦੇਂਦਾ ਹੈ। ਜਿਹੜਾ ਅਸੀਂ ਖੰਡੇ-ਬਾਟੇ ਦਾ ਅੰਮ੍ਰਿਤ ਛਕਦੇ ਹਾਂ, ਇਹ ਬਾਹਰ ਦੀ ਰਹਿਤ ਹੈ, ਅੰਦਰ ਦੀ ਰਹਿਤ ਵਾਸਤੇ-

ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ॥

ਜੀਵਨ "ਨਾਮ" ਤੋਂ ਬਿਨਾਂ ਨਹੀਂ- 'ਆਖਾ ਜੀਵਾ' ਗੁਰੂ ਨਾਨਕ ਨੇ ਲਿਖਿਆ ਹੈ 'ਵਿਸਰੈ ਮਰਿ ਜਾਉ'। ਮੌਤ ਹੈ ਉਸਦੇ ਵਿਸਰਨ ਨਾਲ ਅਤੇ 'ਆਖਣਿ ਅਉਖਾ ਸਾਚਾ ਨਾਉ'। ਦਵਾਈ ਕਉੜੀ ਪੀਣੀ ਬੜੀ ਔਖੀ ਹੈ, ਪਰ ਉਹ ਫਾਇਦਾ ਕਰਦੀ ਹੈ। ਨਿੰਮ ਬੜੀ ਕੌੜੀ ਹੈ, ਪਰ ਉਹਦੇ ਗੁਣ ਬੜੇ ਨੇ। ਜਦੋਂ ਆਦਮੀ ਮਾਇਆ ਵਿਚ ਖਚਤ ਹੋ ਜਾਂਦਾ ਹੈ, ਉਹਨੂੰ ਇਹ ਨਾਮ ਕੌੜਾ ਲੱਗਦਾ ਹੈ।

ਅੰਮ੍ਰਿਤੁ ਕਉਰਾ ਬਿਖਿਆ ਮੀਠੀ,<br>
ਸਾਕਤ ਕੀ ਬਿਧਿ ਨੈਨਹੁ ਡੀਠੀ॥

ਜਦੋਂ ਨਾਮ ਕੌੜਾ ਲੱਗਣ ਲੱਗ ਪਏ ਤਾਂ ਸਮਝ ਲਵੋ ਕਿ ਉਹ ਆਦਮੀ ਸਾਕਤ ਹੋ ਗਿਆ ਹੈ। ਸਤਿਗੁਰੂ ਵਾਲੇ ਪਾਸੇ ਮੂੰਹ ਰੱਖਣ ਨਾਲ ਮਾਇਆ ਪ੍ਰਭਾਵ ਨਹੀਂ ਪਾ ਸਕਦੀ। ਗਰੜ ਉਦਗਾਰ ਇੱਕ ਬੂਟੀ ਹੈ, ਉਸਨੂੰ ਮੂੰਹ ਵਿਚ ਰੱਖ ਕੇ ਸੱਪ ਵੀ ਲੜਾ ਲਵੋ ਤਾਂ ਮਨੁੱਖ 'ਤੇ ਜ਼ਹਿਰ ਦਾ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਜਪਣ ਨਾਲ, ਮਾਇਆ ਰੂਪੀ ਜ਼ਹਿਰ ਦਾ ਅਸਰ ਨਹੀਂ ਹੁੰਦਾ।

# ਜ਼ਰਾ ਯਾਦ ਕਰੋ ਕੁਰਬਾਨੀ

✍-ਸੁਵਰਨ ਸਿੰਘ ਵਿਰਕ

ਅਠ੍ਹਾਰਵੀਂ ਸਦੀ ਦੇ ਦੂਜੇ ਤੋਂ ਲੈ ਕੇ ਸਤਵੇਂ ਦਹਾਕੇ ਤੱਕ, ਪੰਜਾਬ ਦੇ ਸੂਰਬੀਰਾਂ ਨੇ ਖ਼ਾਲਸੇ ਦੀ ਅਗੁਆਈ ਹੇਠ, ਅੱਗ ਅਤੇ ਖੂਨ ਦੇ ਕਈ ਦਰਿਆ ਪਾਰ ਕੀਤੇ। ਦੋ ਘੱਲੂ ਘਾਰਿਆਂ ਵਿਚ ਸਿੰਘਾਂ ਦਾ ਇਕ ਵੇਰ ਦਸ ਹਜ਼ਾਰ ਅਤੇ ਦੂਜੀ ਵੇਰ ਤੀਹ ਹਜ਼ਾਰ ਤੱਕ ਦਾ ਜਾਨੀ ਨੁਕਸਾਨ ਹੋਇਆ। ਖਾਲਸੇ ਦਾ ਦਸਵੇਂ ਪਾਤਸ਼ਾਹ ਦੇ ਇਹਨਾਂ ਬਚਨਾਂ ਵਿਚ ਅਟੱਲ ਭਰੋਸਾ ਸੀ-"ਇਨ ਗਰੀਬ ਸਿਖਨ ਕੋ ਦੀ ਪਾਤਸ਼ਾਹੀ। ਯਾਦ ਰਖੈਂ ਹਮਰੀ ਗੁਰਿਆਈ।"- ਰਤਨ ਸਿੰਘ ਭੰਗੂ

ਖਾਲਸੇ ਨੇ 1765 ਈ: ਤੱਕ ਪੰਜਾਬ ਨੂੰ ਬਾਰਾਂ ਮਿਸਲਾਂ ਵਿਚ ਵੰਡ ਕੇ, ਆਪਣਾ ਰਾਜ ਭਾਗ ਸੰਭਾਲ ਲਿਆ। ਮਹਾਰਾਜਾ ਰਣਜੀਤ ਸਿੰਘ ਨੇ ਪਹਿਲੀ ਵੈਸਾਖ 1799 ਈ: ਤੱਕ ਲਾਹੌਰ ਦੇ ਤਖ਼ਤ ਤੇ ਬੈਠ ਕੇ ਖ਼ੁਦ ਨੂੰ ਮਹਾਰਾਜਾ ਘੋਸ਼ਿਤ ਕਰ ਦਿੱਤਾ। ਫੂਲਕੀਆਂ ਮਿਸਲ, ਈਸਟ ਇੰਡੀਆ ਕੰਪਨੀ ਦੀ ਸ਼ਰਨ ਵਿਚ ਚਲੀ ਗਈ। ਸਤਿਲੁਜ ਪਾਰ ਦੀਆਂ ਕੁਝ ਹੋਰ ਛੋਟੀਆਂ ਰਿਆਸਤਾਂ ਵੀ ਅੰਗ੍ਰੇਜ਼ੀ ਆਲਮਬਰਦਾਰੀ ਹੇਠ ਆ ਗਈਆਂ। ਮਹਾਰਾਜਾ ਰਣਜੀਤ ਸਿੰਘ ਨੇ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਦਾ ਸਾਂਝਾ ਪੰਜਾਬੀ ਰਾਜ, ਕੋਈ ਚਾਲੀ ਸਾਲਾਂ ਤੱਕ ਚਲਾਇਆ। ਪੰਜਾਬ ਵਿਚ ਇੱਕ ਕਹਾਵਤ ਮਸ਼ਹੂਰ ਰਹੀ ਹੈ ਕਿ ਚਾਲੀ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਰਾਜ ਕੀਤਾ ਅਤੇ ਦੱਸ ਸਾਲ ਉਸਦੀ ਮੜ੍ਹੀ ਨੇ ਭਾਵ ਉਸਦੇ ਮਗਰਲੇ ਵਾਰਸਾਂ ਨੇ। ਇਸੇ ਲਈ ਕੌਮੀ ਕਵੀ ਸ਼ਾਹ ਮੁਹੰਮਦ ਲਿਖਦਾ ਹੈ-

"ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆਂ।"

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਗੁਰੂ ਸਾਹਿਬ ਦੇ ਆਸ਼ੇ ਅਨੁਕੂਲ ਹਲੇਮੀ ਰਾਜ਼ ਨਹੀਂ ਸੀ। ਇਸ ਦੇ ਰਾਜ ਵਿੱਚ ਜ਼ਿਆਦਾ ਜ਼ੋਰ ਜਗੀਰਦਾਰਾਂ, ਸਰਦਾਰਾਂ,ਫੌਜੀ ਅਧਿਕਾਰੀਆਂ ਅਤੇ ਰਾਜ ਦਰਬਾਰੀਆਂ ਦਾ ਸੀ। ਈਸਟ ਇੰਡੀਆ ਕੰਪਨੀ ਅੰਗ੍ਰੇਜ਼ ਵਿਓਪਾਰੀਆਂ ਦੇ ਹਿੱਤਾਂ ਦੀ ਤਰਜ਼ਮਾਨੀ ਕਰਦੀ ਸੀ। ਇਸ ਲਈ ਛਲ, ਕਪਟ ਅਤੇ ਧੋਖੇ ਵਿਚ ਉਹਨਾਂ ਨੂੰ ਮੁਹਾਰਤ ਹਾਸਿਲ ਸੀ। ਸਭ ਤੋਂ ਪਹਿਲਾਂ 1757 ਵਿਚ ਪਲਾਸੀ ਦੀ ਲੜਾਈ ਜਿੱਤ ਕੇ ਉਹਨਾਂ ਨੇ ਬੰਗਾਲ, ਬਿਹਾਰ ਅਤੇ ਉੜੀਸਾ ਦਾ ਦੀਵਾਨੀ ਪ੍ਰਬੰਧ ਦਿੱਲੀ ਦੇ ਮੁਗ਼ਲ ਬਾਦਸ਼ਾਹ ਤੋਂ ਹਥਿਆ ਲਿਆ। ਰਣਜੀਤ ਸਿੰਘ ਦੇ ਜਿਉਂਦੇ ਜੀਅ ਤਾਂ ਅੰਗ੍ਰੇਜ਼ ਪੰਜਾਬ ਵੱਲ ਨਾ ਵਧ ਸਕੇ। ਸਗੋਂ ਉਸ ਨਾਲ ਸੰਧੀ ਕਰਕੇ, ਸਤਿਲੁਜ ਦਰਿਆ ਉਸ ਦੇ ਰਾਜ ਦੀ ਸੀਮਾ ਮਿਥ ਦਿੱਤੀ। ਅੰਬਾਲੇ ਅਤੇ ਲੁਧਿਆਣੇ ਬੈਠ ਕੇ, ਉਹਨਾਂ ਨੇ ਐਸੀ ਵਿਉਂਤ ਰਚਨਾ ਕੀਤੀ ਕਿ ਬਹੁਤ ਬਹਾਦਰ ਪੰਜਾਬੀ ਸੈਨਿਕਾਂ ਦੇ ਹੁੰਦਿਆਂ ਵੀ ਉਹਨਾਂ ਇਕ ਤੋਂ ਬਾਅਦ ਦੂਜੀ ਜੰਗ ਜਿੱਤਦਿਆਂ 1849 ਈ: ਵਿਚ ਗੁਜਰਾਤ ਅਤੇ ਚੇਲੀਆਂ ਵਾਲਾ ਦੀਆਂ ਲੜਾਈਆਂ ਜਿੱਤ ਕੇ, 29 ਮਾਰਚ 1849 ਈ: ਨੂੰ ਪੰਜਾਬ ਤੇ ਮੁਕੰਮਲ ਕਬਜ਼ਾ ਕਰ ਲਿਆ। ਸਭਰਾਵਾਂ ਦੀ ਜੰਗ ਵਿਚ ਸ੍ਰ. ਸ਼ਾਮ ਸਿੰਘ ਅਟਾਰੀ ਵਾਲਾ ਪ੍ਰਸਿਧ ਸਿੱਖ ਜਰਨੈਲ ਇਸ ਬਹਾਦਰੀ ਨਾਲ ਲੜਿਆ ਕਿ ਉਸ ਜੰਗ ਵਿਚ ਅੰਗ੍ਰੇਜ਼ਾਂ ਵਲੋਂ ਲੜ ਰਹੇ ਪ੍ਰਸਿੱਧ ਇਤਿਹਾਸ ਕਾਰ ਕਨਿੰਘਮ ਨੇ ਲਿਖਿਆ ਕਿ ਉਸ ਸਮੇਂ ਜਦੋਂ ਸਿੱਖਾਂ ਦੇ ਬਹੁਤੇ ਵਜ਼ੀਰ ਤੇ ਜਰਨੈਲ ਅੰਗ੍ਰੇਜ਼ਾਂ ਦੇ ਹੱਥ ਵਿਕ ਚੁੱਕੇ ਸਨ ਤਾਂ ਉਸ ਬਿਰਧ ਸ਼ਾਮ ਸਿੰਘ ਨੇ ਉਹ ਅਰਦਾਸ ਚੇਤੇ ਰੱਖੀ ਜਿਹੜੀ ਉਸ ਅਟਾਰੀ ਤੋਂ ਤੁਰਨ ਲੱਗਿਆਂ ਕੀਤੀ ਸੀ ਕਿ ਜਾਂ ਤਾਂ ਮੈਂ ਜੰਗ ਜਿੱਤ ਕੇ ਆਵਾਂਗਾ ਤੇ ਜਾਂ ਫਿਰ ਮੈਦਾਨ ਵਿਚ ਸ਼ਹੀਦੀ ਪਾਵਾਂਗਾ। ਕਨਿੰਘਮ ਦੇ ਮੁਤਾਬਿਕ ਜੇ ਇੱਕ ਵੀ ਸ਼ਾਮ ਸਿੰਘ ਜਿਹਾ (ਸਿੱਖ ਜਰਨੈਲ) ਹੋਰ ਹੁੰਦਾ ਤਾਂ ਪੰਜਾਬ ਦਾ ਇਤਿਹਾਸ ਹੋਰ ਹੁੰਦਾ। ਇਸ ਤੋਂ ਰਤਾ ਮਗਰੋਂ ਮੁਲਤਾਨ ਦੇ ਮੁਹਾਸਰੇ ਤੇ ਦੀਵਾਨ ਸਾਵਣ ਮੱਲ ਦਾ ਪੁੱਤਰ ਦੀਵਾਨ ਮੂਲ ਰਾਜ ਬੜੀ ਵੀਰਤਾ ਨਾਲ ਲੜਿਆ ਸੀ। ਬਾਅਦ ਵਿਚ ਉਸ ਤੇ ਬਗ਼ਾਵਤ ਦਾ ਮੁਕਦੱਮਾ ਚਲਾ ਕੇ ਅੰਗ੍ਰੇਜ਼ਾਂ ਨੇ ਉਸਨੂੰ ਫਾਂਸੀ ਦੀ ਸਜ਼ਾ ਸੁਣਾਈ। ਫਿਰ ਗਵਰਨਰ ਨੇ ਇਸ ਸ਼ਰਤ ਤੇ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਕਿ ਉਹ ਸਮੁੰਦਰੋਂ ਪਾਰ ਤਾ-ਉਮਰ ਜਲਾਵਤਨ ਰਹੇ। ਕਲਕੱਤੇ ਰਹਿੰਦਿਆਂ ਉਹਨਾਂ ਦੀ ਸਿਹਤ ਖਰਾਬ ਹੋ ਗਈ। ਹਵਾ ਬਦਲੀ ਲਈ ਬਨਾਰਸ ਭੇਜ ਦਿੱਤਾ ਪਰ ਇਹ ਮਹਾਨ ਦੇਸ਼ ਭਗਤ ਬਨਾਰਸ ਦੇ ਰਾਹ ਵਿਚ ਹੀ ਬਕਸਰ ਦੇ ਸਥਾਨ ਤੇ 11 ਅਗਸਤ 1851 ਈ. ਨੂੰ ਸਿਰਫ 36 ਸਾਲ ਦੀ ਉਮਰ ਵਿਚ ਹੀ ਅੰਤਿਮ ਫਤੇਹ ਬੁਲਾ ਗਿਆ। ਸ੍ਰ: ਚਤਰ ਸਿੰਘ ਅਤੇ ਸ਼ੇਰ ਸਿੰਘ ਅਟਾਰੀ ਵਾਲਿਆਂ ਵੀ ਦੀਵਾਨ ਸਾਹਿਬ ਦਾ ਪੂਰਾ ਪੂਰਾ ਸਾਥ ਦਿੱਤਾ। ਬਾਅਦ ਵਿਚ ਉਹਨਾਂ ਨੇ ਗੁਜਰਾਤ ਅਤੇ ਚੇਲੀਆਂ ਵਾਲੀ ਵਿੱਚ ਜੁੱਧ ਵੀ ਲੜੇ। ਸ੍ਰ: ਚਤਰ ਸਿੰਘ, ਉਸਦਾ ਪੁੱਤਰ ਸ਼ੇਰ ਸਿੰਘ, ਦੋ ਹੋਰ ਪੁੱਤਰ ਅਤੇ ਦੋ ਭਤੀਜੇ ਗ੍ਰਿਫਤਾਰ ਕਰਕੇ, ਪਹਿਲਾਂ ਅਲਾਹਾਬਾਦ ਅਤੇ ਫਿਰ ਕਲਕੱਤੇ ਭੇਜ ਦਿੱਤੇ ਜਿਥੇ 27 ਦਸੰਬਰ 1855 ਨੂੰ ਸ੍ਰ: ਚਤਰ ਸਿੰਘ ਕੈਦ ਵਿਚ ਵੀਰ ਗਤੀ ਪਾ ਗਏ।

ਜਦੋਂ 11 ਮਾਰਚ 1849 ਨੂੰ ਕੰਪਨੀ ਸਰਕਾਰ ਨੇ ਮਾਣਕਿਆਲਾ ਦੇ ਸਥਾਨ ਤੇ ਲਾਹੌਰ ਦਰਬਾਰ ਦੇ ਸਿੱਖ ਸੈਨਿਕਾਂ ਦੇ ਹਥਿਆਰ ਰਖਵਾ ਕੇ ਸੈਨਾ ਤੋੜ ਦਿੱਤੀ ਤਾਂ ਉਸ ਸਮੇਂ ਪੰਜਾਬ ਵਿਚ ਵਿਦ੍ਰੋਹ ਦੀ ਜਵਾਲਾ, ਭਾਈ ਮਹਾਰਾਜ ਸਿੰਘ ਪ੍ਰਚੰਡ ਕਰ ਰਹੇ ਸਨ। ਉਹਨਾਂ ਨੇ ਰਾਵਲ ਪਿੰਡੀ ਤੋਂ ਹੀ ਸੈਨਿਕਾਂ ਨੂੰ ਪ੍ਰੇਰਿਆ ਕਿ ਉਹ ਹਥਿਆਰ ਨਾ ਸੁੱਟਣ ਸਗੋਂ ਅੰਗ੍ਰੇਜ਼ਾਂ ਵਿਰੁੱਧ ਫੈਸਲਾਕੁੰਨ ਜੰਗ ਲੜਨ।। ਭਾਈ ਮਹਾਰਾਜ ਸਿੰਘ ਇਸ ਤੋਂ ਪਹਿਲਾਂ ਆਪਣੇ ਇੱਕ ਹਜ਼ਾਰ ਸੈਨਿਕਾਂ ਸਮੇਤ ਮੂਲ ਰਾਜ ਦੀ ਸਹਾਇਤਾ ਕਰਨ ਮੁਲਤਾਨ ਵੀ ਪੁੱਜੇ ਸਨ। ਹੁਣ ਉਹ ਪੱਛਮੀ ਅਤੇ ਕੇਂਦਰੀ ਪੰਜਾਬ ਵਿਚ, ਵਿਦ੍ਰੋਹ ਦੀ ਤਿਆਰੀ ਲਈ, ਆਪਣੀ ਗ੍ਰਿਫਤਾਰੀ ਦੇ ਵਾਰੰਟ ਨਿਕਲੇ ਹੋਣ ਬਾਅਦ ਵੀ ਕਈ ਮਹੀਨੇ ਗੁਪਤ ਵਿਚਰ ਕੇ, ਜਨ ਲਾਮਬੰਦੀ

ਕਰਦੇ ਰਹੇ। ਜਦੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਨੇ 28 ਦਸੰਬਰ 1849 ਨੂੰ ਆਦਮ ਪੁਰ ਵਿਖੇ ਗੰਨੇ ਦੇ ਇੱਕ ਖੇਤ ਵਿਚੋਂ ਗ੍ਰਿਫਤਾਰ ਕਰ ਲਿਆ ਤਾਂ ਹਿੰਦ ਦੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਨੇ ਜਲੰਧਰ ਦੇ ਡੀ.ਸੀ. ਵੈਨਜ਼ੀਟਾਰਟ ਨੂੰ ਉਚੇਚੀ ਵਧਾਈ ਭੇਜੀ ਸੀ। ਭਾਈ ਮਹਾਰਾਜ ਸਿੰਘ ਹੋਰਾਂ ਨੂੰ ਉਹਨਾਂ ਦੇ ਸੇਵਕ ਭਾਈ ਖੜਕ ਸਿੰਘ ਸਮੇਤ ਪਹਿਲਾਂ ਅਲਾਹਾਬਾਦ, ਫਿਰ ਕਲੱਕਤੇ ਅਤੇ ਉਥੋਂ 14 ਜੂਨ 1850 ਨੂੰ ਸਿੰਘਾਪੁਰ ਲਿਜਾ ਕੇ ਇਕ ਕਾਲ ਕੋਠੜੀ ਵਿਚ ਬੰਦ ਕਰ ਦਿੱਤਾ, ਜਿੱਥੇ ਨਾਂ ਹਵਾ ਪੁਜਦੀ ਸੀ ਨਾਂ ਸੂਰਜ ਦੀ ਰੌਸ਼ਨੀ। ਨਤੀਜੇ ਵਜੋਂ ਇਹ ਅਣ ਮਨੁੱਖੀ ਮਾਹੌਲ ਵਿਚ, ਪਹਿਲਾਂ ਆਪਦੇ ਨੇਤਰਾਂ ਦੀ ਜੋਤੀ ਚਲੀ ਗਈ ਅਤੇ ਓੜਕ ਕੈਂਸਰ ਕਾਰਨ 5 ਜੁਲਾਈ 1856 ਨੂੰ ਆਪ ਸ਼ਹੀਦੀ ਪਾ ਗਏ। ਭਾਈ ਮਹਾਰਾਜ ਸਿੰਘ ਹੋਰਾਂ ਦਾ ਪਹਿਲਾ ਨਾਮ ਨਿਹਾਲ ਸਿੰਘ ਸੀ। ਉਹਨਾਂ ਦਾ ਪਿੰਡ ਲੁਧਿਆਣਾ ਜ਼ਿਲ੍ਹਾ ਵਿਚ ਉੱਚੀ ਰੱਬੋਂ ਸੀ। ਉਹ ਭਾਈ ਵੀਰ ਸਿੰਘ ਨੌਰੰਗਾਬਾਦੀਏ ਦੇ ਚੇਲੇ ਸਨ ਅਤੇ ਲਾਹੌਰ ਦਰਬਾਰ ਦੀ ਭੂਤਰੀ ਸਿੱਖ ਸੈਨਾ ਦੇ ਹੱਥੋਂ, ਮਈ 1844 ਨੂੰ ਭਾਈ ਵੀਰ ਸਿੰਘ ਹੋਰਾਂ ਦੇ ਮਾਰੇ ਜਾਣ ਬਾਅਦ ਉਹਨਾਂ ਨੇ ਇਸ ਡੇਰੇ ਦੀ ਅਗੁਆਈ ਕੀਤੀ ਸੀ।

ਸਤਿਗੁਰੂ ਰਾਮ ਸਿੰਘ ਜੀ ਇੱਕ ਹੁਕਮਨਾਮੇ ਵਿੱਚ ਆਪਣੇ ਆਪ ਨੂੰ ਇਹਨਾਂ ਦੋਹਾਂ ਦੇਸ਼ ਭਗਤਾਂ ਅਤੇ ਸੰਤ ਸਿਪਾਹੀਆਂ ਦੀ ਕਤਾਰ ਵਿਚ ਖਲੋਤੇ ਵੇਖਦੇ ਹਨ, ਜਿਹਨਾਂ ਨੂੰ ਉਹਨਾਂ ਦੇ ਆਪਣੇ ਲੋਕਾਂ ਨੇ ਹੀ ਗ਼ਦਾਰੀ ਕਰਕੇ ਅੰਗ੍ਰੇਜ਼ ਸਰਕਾਰ ਤੋਂ ਸਜ਼ਾਵਾਂ ਦੁਆਈਆਂ ਸਨ, ਸਜ਼ਾਵਾਂ ਵੀ ਛੋਟੀਆਂ ਨਹੀਂ, ਸਗੋਂ ਦੇਸ਼ ਨਿਕਾਲੇ ਦੀਆਂ। ਆਪ ਦਾ ਫੁਰਮਾਨ ਹੈ-

ਅਗੇ ਆਪਣੇ ਖਾਲਸੇ ਵਿਚ ਤਾਂ ਏਹੁ ਵਰਤਾਰਾ
ਵਰਤ ਗਿਆ ਅਜਕਲ ਦੇ ਸਮੇ ਮੈ। ਪਹਿਲਾ ਸਿਖਾ
ਦੀ ਕਿਰਪਾ ਬੀਰ ਸਿੰਘ ਤੇ ਹੋਈ, ਫੇਰ ਮਹਾਰਾਜ
ਸਿੰਘ ਤੇ ਹੋਈ ਹੁਣ ਮੇਰੇ ਉਤੇ ਸਿਖਾ ਦੀ ਕਿਰਪਾ ਹੋਈ।
(ਹੁਕਮਨਾਮਾ ਨੰ: 7)

ਸਤਿਗੁਰੂ ਜੀ ਜਿਸ ਸਮੇਂ ਲਾਹੌਰ ਦਰਬਾਰ ਦੀ ਸੈਨਾ ਵਿਚ ਸਨ, ਉਹ ਉਦੋਂ ਹੀ ਲਾਹੌਰ ਦਰਬਾਰ ਦੇ ਆਗੂਆਂ ਦੀਆਂ ਕੁਟਲ ਨੀਤੀਆਂ ਨੂੰ ਭਾਂਪ ਗਏ ਸਨ ਤੇ ਇਸੇ ਲਈ ਉਹ ਅਕਸਰ ਬਚਨ ਕੀਤਾ ਕਰਦੇ ਸਨ- ਹੁਣ ਇੱਥੇ ਅੰਗ੍ਰੇਜੀ ਵਾਜੇ ਵੱਜਣਗੇ। ਨਾਮਧਾਰੀ ਸੰਤ ਖਾਲਸੇ ਦੀ 12 ਅਪਰੈਲ 1857 ਨੂੰ ਸਾਜਣਾ ਕਰਕੇ, ਜਿੱਥੇ ਆਪਣੇ ਸਿੱਖ ਪੁਨਰ ਜਾਗਰਣ ਕੀਤਾ, ਉੱਥੇ ਆਪਣਾ ਸਫੈਦ ਨਿਸ਼ਾਨ ਲਹਿਰਾ ਕੇ ਇਹ ਸੰਕੇਤ ਵੀ ਦਿੱਤਾ ਕਿ ਨਾਮਧਾਰੀ ਸੰਤ ਖਾਲਸਾ ਯੂਨੀਅਨ ਜੈਕ ਨੂੰ ਨਹੀਂ ਆਪਣੇ ਝੰਡੇ ਨੂੰ ਸਲਾਮੀ ਦੇਵੇਗਾ। ਆਪ ਜੀ ਨੇ ਇਹ ਮਹਿਸੂਸ ਕਰਦਿਆਂ ਕਿ ਸਾਡਾ ਵਾਹ ਅੰਗ੍ਰੇਜ਼ ਵਿਉਪਾਰਕ ਸਰਮਾਏਦਾਰੀ ਨਾਲ ਪਿਆ ਹੈ, ਉਸ ਵਿਰੁਧ ਲੜਾਈ ਵੀ ਹੁਣ ਨਵੇਂ ਢੰਗ ਨਾਲ ਲੜੀ ਜਾਏਗੀ। ਇਸ ਲਈ ਐਨਸਾਈਕਲੋਪੀਡੀਆ ਆਫ ਬਿਰਟੈਨਿਕਾ ਦੇ ਇਹ ਸ਼ਬਦ ਬੜੇ ਮਹਤੱਵਪੂਰਨ ਹਨ-

"ਗੁਰੂ ਰਾਮ ਸਿੰਘ ਸਿੱਖ ਦਾਰਸ਼ਨਿਕ, ਜੋ ਭਾਰਤ ਵਿਚ ਕਾਇਮ ਬ੍ਰਿਟਿਸ਼ ਸੰਸਥਾਵਾਂ ਨਾਲ ਹਰ ਤਰ੍ਹਾਂ ਦੇ ਅਸਹਿਯੋਗ ਅਤੇ ਬਰਤਾਨਵੀ (ਮਿੱਲਾਂ ਵਿਚ ਬਣੇ) ਮਾਲ ਦੇ ਬਾਈਕਾਟ ਨੂੰ ਇਕ ਰਾਜਨੀਤਿਕ ਹਥਿਆਰ ਵਜੋਂ ਵਰਤਣ ਵਾਲਾ, ਪਹਿਲਾ ਭਾਰਤੀ ਹੈ।"

ਅੰਗਰੇਜ਼ਾਂ ਦੇ ਮੁਕਾਬਲੇ ਆਪਣੀ ਸਿੱਖਿਆ ਪ੍ਰਣਾਲੀ, ਆਪਣੀ ਚਿਕਿਤਸਾ ਪੱਧਤੀ, ਆਪਣਾ ਨਿਆਂ ਪ੍ਰਬੰਧ, ਇੱਥੋਂ ਤੱਕ ਕਿ ਆਪਣਾ ਡਾਕ ਪ੍ਰਬੰਧ ਵੀ ਲਾਗੂ ਕੀਤਾ। ਆਉਣ ਜਾਣ ਲਈ ਅੰਗ੍ਰੇਜ਼ ਸਰਕਾਰ ਦੀ ਬਣਾਈ ਰੇਲ ਨੂੰ ਛੱਡ ਕੇ ਆਪਣੀਆਂ ਦੇਸੀ ਸੁਆਰੀਆਂ। ਸੂਬਾ ਪ੍ਰਣਾਲੀ ਦਾ ਵਿਸਥਾਰ ਸਾਰੇ ਪੰਜਾਬ ਵਿਚ ਕੀਤਾ। ਸੂਬੇ ਸਤਿਗੁਰੂ ਜੀ ਅਤੇ ਸੰਗਤ ਦੇ ਵਿਚਾਲੇ ਮਹੱਤਵਪੂਰਨ ਕੜੀ ਸਨ। ਇਹਨਾਂ ਦੇ ਜ਼ਿੰਮੇ ਵੱਖ-ਵੱਖ ਇਲਾਕੇ ਅਤੇ ਵੱਖ-ਵੱਖ ਵਿਭਾਗ ਸਨ। ਇਥੋਂ ਤੱਕ ਕਿ ਗ੍ਰਹਿ ਰੱਖਿਆ ਦੇ ਨਾਲ ਨਾਲ, ਵਿਦੇਸ਼ ਵਿਭਾਗ ਵੀ ਹਰਕਤ ਕਰ ਰਿਹਾ ਸੀ। ਤਾਂ ਕਿ ਗੁਆਂਢੀ ਦੇਸ਼ਾਂ ਅਤੇ ਭਾਰਤੀ ਦੇਸੀ ਰਿਆਸਤਾਂ ਦਾ ਇਕ ਮੋਰਚਾ, ਬਰਤਾਨਵੀ ਸਰਕਾਰ ਦੇ ਵਿਰੁੱਧ ਸਿਰਜਿਆ ਜਾਏ। ਇਸੇ ਲਈ ਅੰਗ੍ਰੇਜ਼ ਸਰਕਾਰ ਨੂੰ ਸਤਿਗੁਰੂ ਜੀ ਦੀਆਂ ਇਹਨਾਂ ਗਤੀ ਵਿਧੀਆਂ ਵਿਚੋਂ, ਸਮਾਨੰਤਰ ਸਰਕਾਰ ਦੀ ਸਿਰਜਣਾ ਨਜ਼ਰ ਆਉਣ ਲੱਗ ਪਈ। ਅਨੰਦ ਮਰਿਆਦਾ ਲਾਗੂ ਕਰਨ ਨੂੰ ਵੀ ਪੁਰਾਣੀਆਂ ਵੇਲਾ ਵਿਹਾ ਚੁੱਕੀਆਂ ਰਸਮਾਂ, ਦਾਜ-ਦਹੇਜ, ਘੁੰਡ, ਪਰਦੇ ਬਿਨਾਂ, ਅੰਤਰ ਜਾਤੀ ਵਿਆਹ ਵਿਚੋਂ ਵੀ ਸਰਕਾਰ ਨੂੰ ਬਗਾਵਤ ਦੀ ਗੰਧ ਆਈ। ਸਤਿਗੁਰੂ ਜੀ ਨੂੰ ਤਿੰਨ, ਸਾਢੇ ਤਿੰਨ ਸਾਲ, ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ।

1869 ਈ: ਦੇ ਮੁਢੱਲੇ ਮਹੀਨਿਆਂ ਵਿਚ ਥਰਾਜਵਾਲਾ (ਫੀਰੋਜ਼ਪੁਰ) ਦੇ ਕੂਕੇ ਮਸਤਾਨਿਆਂ ਨੇ ਐਲਾਨ ਕਰ ਦਿੱਤਾ ਕਿ ਰਾਜ ਹੁਣ ਸਤਿਗੁਰੂ ਰਾਮ ਸਿੰਘ ਜੀ ਦਾ ਹੈ। ਅੰਗ੍ਰੇਜ਼ਾਂ ਦਾ ਨਹੀਂ। 1867 ਈ: ਦੇ ਅਨੰਦਪੁਰ ਸਾਹਿਬ ਦੇ ਹੋਲੇ-ਮਹੱਲੇ ਤੇ ਮੀਹਾਂ ਸਿੰਘ ਲੂਲੋਂ ਵਾਲੇ ਨੇ ਵੀ ਖੁੱਲਮ-ਖੁੱਲ੍ਹਾ ਕਿਹਾ - ਫਰੰਗੀਆ ਚਲਾ ਜਾ ਏਥੋਂ, ਮਾਲਕ ਧਰਤੀ ਦਾ ਆਇ ਗਿਆ ਹੈ। ਹਿੰਦੂ ਮੁਸਲਮਾਨਾਂ ਵਿਚ ਫਿਰਕੂ ਪਾੜਾ ਵਧਾਉਣ ਲਈ ਅੰਗ੍ਰੇਜ਼ ਹਾਕਮਾਂ ਨੇ ਥਾਂ-ਥਾਂ ਬੁੱਚੜਖਾਨੇ ਖੋਲ੍ਹ ਕੇ, ਜਿਹੜੇ ਪੌਣੀ ਸਦੀ ਤੋਂ ਬੰਦ ਸਨ, ਇਹ ਅਹਿਸਾਸ ਕਰਾਇਆ ਕਿ ਰਾਜ ਸਾਡਾ ਹੈ ਹੁਣ ਤੁਹਾਡੇ ਕਾਇਦੇ ਕਾਨੂੰਨ ਨਹੀਂ ਚੱਲਣਗੇ। ਕੂਕਿਆਂ ਨੇ ਇਸ ਵੰਗਾਰ ਨੂੰ ਪਰਵਾਨ ਕੀਤਾ। ਗਊ ਘਾਤੀਆਂ ਦਾ ਸਫ਼ਾਇਆ ਕੀਤਾ ਅਤੇ ਫਿਰ ਥੋਕ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗਿਆਨੀ ਰਤਨ ਸਿੰਘ ਮਾਲਵੇ ਦੇ ਅਦਾਲਤੀ ਸੂਬੇ ਨੂੰ ਰਾਏਕੋਟ ਕੇਸ ਦੀ ਜ਼ੱਦ ਵਿਚ ਲਿਆਕੇ, 26 ਨਵੰਬਰ 1871 ਨੂੰ ਛੋਟੇ ਰਤਨ ਸਿੰਘ ਨਾਲ, ਦੋਵੇਂ ਬੇਦੋਸ਼ ਫਾਹੇ ਟੰਗ ਦਿੱਤੇ। ਇਹਨਾਂ ਸਿੰਘਾਂ ਦੇ ਕਾਨੂੰਨੀ ਕਤਲਾਂ ਨੇ ਭਾਈ ਹੀਰਾ ਸਿੰਘ, ਲਹਿਣਾ ਸਿੰਘ ਦੇ ਮਸਤਾਨੇ ਜੱਥੇ ਦੀ ਅਣਖ ਨੂੰ ਵੰਗਾਰਿਆ। ਉਹਨਾਂ ਨੇ ਮਲੇਰਕੋਟਲੇ ਤੇ ਹੱਮਲਾ ਕੀਤਾ, ਜਿਹੜੀ ਰਿਆਸਤ ਦਾ ਪ੍ਰਬੰਧ ਡੀ.ਸੀ. ਲੁਧਿਆਣਾ ਦੇਖਦਾ ਸੀ ਉਸੇ ਡੀ.ਸੀ. ਕਾਵਨ ਨੇ

ਪਹਿਲੇ ਦਿਨ 49 ਸਿੰਘ ਤੋਪਾਂ ਨਾਲ ਉਡਾ ਕੇ, ਇੱਕ ਸਿੰਘ ਤਲਵਾਰ ਨਾਲ ਕੋਟਲੇ ਦੇ ਰੱਕੜ ਵਿਚ ਸ਼ਹੀਦ ਕਰ ਦਿੱਤਾ। ਅਗਲੇ ਦਿਨ 18 ਜਨਵਰੀ 1872 ਨੂੰ ਕਮਿਸ਼ਨਰ ਫੋਰਸਿੱਥ ਨੇ 16 ਹੋਰ ਸੰਖੇਪ ਕਾਨੂੰਨੀ ਨਾਟਕ ਬਾਅਦ ਤੋਪਾਂ ਨਾਲ ਉਡਾ ਦਿੱਤੇ। ਪਹਿਲੇ ਦਿਨ ਕੋਈ ਕਾਨੂੰਨੀ ਸੁਆਂਗ ਵੀ ਨਾ ਰਚਿਆ। ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨਾਲ ਤੁਰਤ ਰਾਇ ਕਰਕੇ ਇਸੇ ਦਿਨ ਸਤਿਗੁਰੂ ਰਾਮ ਸਿੰਘ ਜੀ ਅਤੇ ਮੁਖੀ ਸੂਬਿਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ। ਕੂਕਾ ਕੇਂਦਰ ਅੱਗੇ ਪੂਰੇ ਪੰਜਾਹ ਸਾਲ ਤੋਂ ਵੱਧ ਪੁਲਿਸ ਚੌਂਕੀ ਬੈਠਾ ਦਿੱਤੀ। ਪੰਜ ਜਾਂ ਵੱਧ ਕੂਕਿਆਂ ਦਾ ਕਿਤੇ ਵੀ ਇਕੱਠ ਗੈਰ ਕਾਨੂੰਨੀ ਐਲਾਨ ਕੇ ਸੈਂਕੜੇ ਨਾਮਧਾਰੀਆਂ ਨੂੰ ਸਜ਼ਾਵਾਂ ਦਿੱਤੀਆਂ। ਉਹਨਾਂ ਦੀਆਂ ਜ਼ਾਇਦਾਦਾਂ ਜ਼ਬਤ ਕੀਤੀਆਂ ਘਰ ਘਾਟ ਢਾਹ ਦਿੱਤੇ। ਸਤਿਗੁਰੂ ਜੀ ਰੰਗੂਨ ਅਤੇ ਮਰਗੋਈ ਤੋਂ ਆਪਣੇ ਹੁਕਮਨਾਮਿਆਂ ਦੁਆਰਾ ਆਪਣੇ ਸਿੰਘਾਂ ਨੂੰ ਚੜ੍ਹਦੀ ਕਲਾ ਵਿਚ ਰਹਿ ਕੇ, ਆਜ਼ਾਦੀ ਦੀ ਮਸ਼ਾਲ ਬਾਲੀ ਰੱਖਣ ਦੇ ਸੰਕੇਤ ਕਰਦੇ ਰਹੇ।

34 ਵਰ੍ਹੇ ਸ੍ਰੀ ਗੁਰੂ ਹਰੀ ਸਿੰਘ ਜੀ ਨੇ ਕਠਿਨ ਹਾਲਾਤ ਵਿਚ ਕੂਕਾ ਸੰਗ੍ਰਾਮ ਜਾਰੀ ਰੱਖਿਆ। ਰੂਸ ਆਦਿਕ ਦੇਸ਼ਾਂ ਦੀ ਸੈਨਿਕ ਮਦਦ ਲੈਣ ਲਈ ਆਪਣੇ ਸਿੰਘ ਉਧਰ ਨੂੰ ਤੋਰੇ ਸਨ। ਕੂਕਿਆਂ ਦੇ ਹੌਂਸਲੇ ਤੇ ਅੰਤਿਮ ਸਿੱਖ ਸਮਰਾਟ, ਮਹਾਰਾਜਾ ਦਲੀਪ ਸਿੰਘ ਨੇ ਵੀ ਰੂਸੀ ਸੈਨਾ ਦੀ ਮਦਦ ਨਾਲ, ਪੰਜਾਬ ਦੀ ਅਜ਼ਾਦੀ ਦੀ ਲੜਾਈ ਦੇ ਸੁਪਨੇ ਲਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੇ ਦੋਹਾਂ ਛੋਟੇ ਭਰਾਵਾਂ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜੀ ਅਤੇ ਹੋਰ ਉੱਘੇ ਨਾਮਧਾਰੀਆਂ ਨੂੰ ਉਸ ਸਮੇਂ ਸਰਗਰਮ ਸੁਤੰਤਰਤਾ ਸੰਗਰਾਮ ਦਾ ਭਾਗ ਬਣਾਇਆ। ਆਪ ਨੇ ਹਰ ਰੰਗ ਦੇ ਸੁਤੰਤਰਤਾ ਸੰਗਰਾਮੀਆਂ ਦੀ ਦੇਸ਼ ਦੀ ਅਜ਼ਾਦੀ ਤੱਕ ਜੋ ਵੀ ਆਸ ਪਾਸ ਪੁੱਜਾ, ਭਰਪੂਰ ਇਮਦਾਦ ਦਿੱਤੀ। 1929 ਈ: ਦੇ ਪੂਰਨ ਅਜ਼ਾਦੀ ਦੇ ਮਤੇਵਾਲੇ, ਲਾਹੌਰ ਕਾਂਗ੍ਰੇਸ ਸੈਸ਼ਨ ਵਿਚ, ਨਾਮਧਾਰੀ ਭੂਮਿਕਾ ਤਾਂ ਜੱਗ ਜ਼ਾਹਰ ਹੈ।

ਅਠ੍ਹਾਰਵੀਂ ਸਦੀ ਵਿਚ ਹਿੰਦੁਸਤਾਨ ਦੇ ਮੁਸਲਮਾਨਾਂ ਨੇ ਰਾਇ ਬਰੇਲੀ ਦੇ ਇਕ ਫ਼ਕੀਰ ਸੱਯਦ ਅਹਿਮਦ ਬਰੇਲਵੀ ਦੀ ਅਗੁਆਈ ਹੇਠ ਅੰਗਰੇਜ਼ਾਂ ਨੂੰ ਖਦੇੜਨ ਲਈ ਵਹਾਬੀ ਅੰਦੋਲਨ ਸ਼ੁਰੂ ਕੀਤਾ। ਮਈ 1831 ਵਿਚ ਸੱਯਦ ਬਰੇਲਵੀ ਬੱਲਾਕੋਟ ਦੀ ਲੜਾਈ ਵਿਚ ਮਾਰੇ ਗਏ। ਵਹਾਬੀ ਸਾਊਦੀ ਅਰਬ ਦੇ ਸੁੰਨੀ ਮੁਸਲਿਮ ਫਿਰਕੇ ਦੇ ਕੱਟੜ ਪੰਥੀਆਂ ਨੂੰ ਵੀ ਕਿਹਾ ਜਾਂਦਾ ਸੀ। ਪ੍ਰੰਤੂ ਵਹਾਬੀਆਂ ਨੇ ਹਿੰਦੁਸਤਾਨ ਵਿਚ ਅੰਗਰੇਜ਼ ਹਾਕਮਾਂ ਦੀ ਦਹਾਕਿਆਂ ਤੱਕ ਨੀਂਦ ਹਰਾਮ ਕੀਤੀ ਰੱਖੀ। ਸੰਨ 1864 ਵਿਚ ਅੰਬਾਲਾ ਦਾ ਮੁਕੱਦਮਾ ਅਤੇ1865 ਵਿਚ ਪਟਨਾ ਦਾ ਮੁਕੱਦਮਾ, ਵਹਾਬੀ ਆਗੂਆਂ ਤੇ ਚਲਾ ਕੇ ਉਹਨਾਂ ਨੂੰ ਮੌਤ, ਕਾਲੇ ਪਾਣੀ ਦੀਆਂ ਕਠੋਰ ਸਜ਼ਾਵਾਂ ਦਿੱਤੀਆਂ। ਉੱਤਰ ਪੱਛਮੀ ਪ੍ਰਾਂਤ (ਸੂਬਾ ਸਰਹੱਦ) ਤੋਂ ਸ਼ੇਰ ਅਲੀ ਖਾਨ ਇਕ ਜਲਾਵਤਨ ਇਨਕਲਾਬੀ ਨੇ ਅੰਡੇਮਾਨ ਦੇ ਕਾਲੇ ਪਾਣੀਆਂ ਵਿਚ, ਹਿੰਦ ਦੇ ਵਾਇਸਰਾਏ ਲਾਰਡ ਮੇਓ ਨੂੰ 8 ਫਰਵਰੀ 1872 ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। 11 ਮਾਰਚ 1873 ਨੂੰ ਉਸਨੇ ਆਪਣੀ ਫਾਂਸੀ ਦੀ ਸਜ਼ਾ ਵੇਖਣ ਲਈ ਜੁੜੀ ਲੋਕਾਂ ਦੀ ਭੀੜ ਨੂੰ ਕਿਹਾ ਸੀ-

"ਭਾਈਓ! ਮੈਂ ਤੁਹਾਡੇ ਦੁਸ਼ਮਨ ਦਾ ਖਾਤਮਾ ਕਰ ਦਿਤਾ ਹੈ"। ਅੰਗ੍ਰੇਜ਼ਾਂ ਨੇ ਆਪਣੇ ਦਸਤਾਵੇਜਾਂ ਵਿਚ ਨੋਟ ਕੀਤਾ ਹੈ ਕਿ ਪੰਜਾਬ ਵਿਚ ਬਹੁਤ ਸਾਰੇ ਕੂਕਿਆਂ ਅਤੇ ਵਹਾਬੀਆਂ ਦੇ ਪਿੰਡ ਸਾਂਝੇ ਹਨ। ਇਸ ਲਈ ਗੋਰਾਸ਼ਾਹੀ, ਦੋਵੇਂ ਸਰਕਾਰ ਵਿਰੋਧੀ ਧਾਰਾਵਾਂ, ਕੂਕਿਆਂ ਅਤੇ ਵਹਾਬੀਆਂ ਵਿਚ ਸੰਪਰਕ ਸੂਤਰ ਖੋਜਣ ਦੇ ਆਹਰ ਵਿੱਚ ਸੀ।"

ਪੰਜਾਬ ਵਿਚ 1857 ਤੋਂ 1907 ਈ. ਤੱਕ ਅੱਧੀ ਸਦੀ ਦਾ ਬਸਤੀਵਾਦ ਵਿਰੋਧੀ ਅੰਦੋਲਨ ਮੁਖ ਤੌਰ 'ਤੇ ਕੂਕਾ ਅੰਦੋਲਨ ਹੀ ਸੀ। ਅਗਲੇ ਦੌਰ ਵਿੱਚ ਸ. ਅਜੀਤ ਸਿੰਘ, ਲਾਲਾ ਲਾਜਪਤ ਰਾਇ ਅਤੇ ਲਾਲ ਚੰਦ ਫਲਕ ਆਦਿ ਬਾਰ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਾਏ ਜਾਣ ਕਾਰਨ, "ਪੱਗੜੀ ਸੰਭਾਲ ਜੱਟਾ" ਅੰਦੋਲਨ ਵਿਚ ਸਕਿਰਅ ਨਜ਼ਰ ਆਉਂਦੇ ਹਨ। ਪਹਿਲੇ ਦੋਹਾਂ ਆਗੂਆਂ ਨੂੰ ਨਿਰਵਾਸਤ ਕਰਕੇ ਬ੍ਰਿਟਿਸ਼ ਬਰਮਾ ਦੇ ਮਾਂਡਲੇ ਨਾਮੀ ਸਥਾਨ ਤੇ ਪਹੁੰਚਾਇਆ ਜਾਂਦਾ ਹੈ। ਯਾਦ ਰਹੇ ਕਿ ਬ੍ਰਿਟਿਸ਼ ਬਰਮਾ ਦੇ ਮੌਲਮੀਨ ਵਿਚ 5 ਫਰਵਰੀ 1903 ਨੂੰ ਆਖਰੀ ਸਾਹ ਲਿਆ ਸੀ। ਸ੍ਰ. ਅਜੀਤ ਸਿੰਘ ਖਟਕੜ ਕਲਾਂ (ਨਵਾਂ ਸ਼ਹਿਰ) ਦੇ ਉਸ ਸ੍ਰ ਅਰਜਨ ਸਿੰਘ ਦੇ ਪੁੱਤਰ ਸਨ ਜਿਹਨਾਂ ਦੇ ਭਾਈ ਸੁਰਜਨ ਸਿੰਘ ਹੋਰਾਂ ਦੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੂਕਾ ਬਣਨ ਦੀ ਅਗਵਾਈ ਸਰਕਾਰੀ ਰਿਕਾਰਡ ਦਿੰਦਾ ਹੈ। ਅਜੀਤ ਸਿੰਘ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਚਾਚਾ ਸਨ ਅਤੇ ਉਹ ਆਪਣੀਆਂ ਯਾਦਾਂ ਵਿਚ ਲਿਖਦੇ ਹਨ ਕਿ ਭਗਤ ਸਿੰਘ ਦੇ ਜਨਮ ਲੈਣ ਤੋਂ ਪਹਿਲਾਂ ਉਹਨਾਂ ਦੀ ਮਾਤਾ ਵਿੱਦਿਆਵਤੀ, ਚੰਡੀ ਦੀ ਵਾਰ ਦਾ ਨਿਤਨੇਮ ਨਾਲ ਪਾਠ ਕਰਿਆ ਕਰਦੀ ਸੀ। ਇਹ ਮਾਤਾ ਮੋਰਾਂ ਵਾਲੀ ਜਿਲ੍ਹਾ ਹੁਸ਼ਿਆਰਪੁਰ ਤੋਂ ਸੀ। ਇਹ ਪਿੰਡ ਕੂਕਾ ਪ੍ਰਭਾਵ ਵਾਲਾ ਪਿੰਡ ਸੀ। ਉਸ ਸਮੇਂ ਚੰਡੀ ਦੀ ਵਾਰ ਦਾ ਪਾਠ, ਪੰਜਾਬ ਭਰ ਵਿਚ ਸਿਰਫ ਕੂਕੇ ਅਤੇ ਵਿਰਲੇ ਨਿਹੰਗ ਸਿੰਘ ਹੀ ਕਰਦੇ ਸਨ।

ਅਮਰੀਕਾ, ਕਨੇਡਾ ਵਿਚ ਗਏ ਪਰਵਾਸੀ ਹਿੰਦੂਆਂ, ਜਿਨਾਂ ਵਿਚੋਂ ਬਹੁ ਗਿਣਤੀ ਪੰਜਾਬੀ ਕਿਸਾਨਾਂ ਦੀ ਸੀ ਉਹਨਾਂ ਪੱਛਮ ਦੀ ਆਜ਼ਾਦੀ ਪਸੰਦ ਫਿਜ਼ਾ ਦੇ ਅਸਰ ਵਿਚ ਆ ਕੇ ਅਤੇ ਆਪਣੇ ਨਾਲ ਹਰ ਜਗ੍ਹਾ ਹੁੰਦੇ ਤ੍ਰਿਸਕਾਰ ਦਾ ਕਾਰਨ ਬਰਤਾਨਵੀ ਸਰਕਾਰ ਦੀ ਗੁਲਾਮੀ ਨੂੰ ਸਮਝ ਕੇ, ਇਸ ਵਿਰੁਧ ਦੇਸ਼ ਜਾ ਕੇ ਜੂਝਣ ਲਈ ਸਿਰਾਂ 'ਤੇ ਖੱਫਣ ਬੰਨ੍ਹ ਲਏ ਸਨ। ਗਦਰ ਪਾਰਟੀ ਜਿਹਾ ਕਿ ਇਸਨੂੰ ਬਾਅਦ ਵਿਚ ਕਿਹਾ ਜਾਣ ਲੱਗਾ, ਇਸ ਦੇ ਬਾਨੀ ਪਰਧਾਨ ਬਾਬਾ ਸੋਹਨ ਸਿੰਘ ਭਕਨਾ ਅਤੇ ਪਹਿਲੇ ਜਰਨਲ ਸਕੱਤਰ ਦਿੱਲੀ ਦੇ ਬੁੱਧੀ ਜੀਵੀ, ਲਾਲਾ ਹਰਦਿਆਲ ਅਤੇ ਖਜ਼ਾਨਚੀ ਪੰਡਿਤ ਕਾਸ਼ੀ ਰਾਮ ਮੜੌਲੀ ਸਨ। ਬਾਬਾ ਸੋਹਨ ਸਿੰਘ ਭਕਨਾ, ਪ੍ਰਸਿੱਧ ਨਾਮਧਾਰੀ ਸੰਮਤ ਬਾਬਾ ਕੇਸਰ ਸਿੰਘ ਜੀ ਮੁਹਾਵਾ ਵਾਲਿਆਂ ਦੀ ਪਰੇਰਨਾ ਨਾਲ ਅਯਾਸ਼ੀ ਭਰਿਆ ਜੀਵਨ ਤਿਆਗ ਕੇ ਕੋਈ ਦਸ ਵਰ੍ਹੇ

ਕੂਕਿਆਂ ਵਿਚ ਸਰਗਰਮ ਰਹੇ ਸਨ। ਉਹ ਆਪਣੀ ਆਤਮ ਕਥਾ ਵਿਚ ਆਪਣੇ ਵਿਚਾਰਾਂ ਅੰਦਰ ਆਏ ਇਨਕਲਾਬੀ ਪਰਿਵਰਤਨ ਲਈ, ਗੁਰੂ ਰਾਮ ਸਿੰਘ ਜੀ ਦੀਆਂ ਬਾਬਾ ਕੇਸਰ ਜੀ ਦੁਆਰਾ ਸੁਣੀਆਂ ਮਾਨਵਤਾਵਾਦੀ ਅਤੇ ਸਮਤਾਵਾਦੀ ਸ਼ੁਭ ਸਿਖਿਆਵਾਂ ਨੂੰ ਜ਼ਿੰਮੇਵਾਰ ਸਮਝਦੇ ਸਨ। ਗਦਰ ਅਖਬਾਰ ਵਿਚ ਪ੍ਰਕਾਸ਼ਿਤ ਕਵਿਤਾਵਾਂ ਸਰੋਤਿਆਂ /ਪਾਠਕਾਂ ਨੂੰ ਧੁਰ ਅੰਦਰ ਤੱਕ ਝੰਜੋੜਨ ਦੀ ਸਮਰੱਥਾ ਰੱਖਦੀਆਂ ਸਨ ਜਿਹਾ ਕਿ-

"ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ।
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।
-----------------
ਚਾਰ ਚਾਰ ਪਾਵੋ ਇਕ ਦੀਆਂ ਵੰਡੀਆਂ।
ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ।
---------------------
ਨਵਾਂ ਰੂਪ ਰਚਣ ਹਿੰਦ ਦੇ ਸਮਾਜ ਦਾ।
ਤੁਖਮ ਉਡਾਉਣਾ ਗੋਰਿਆਂ ਦੇ ਰਾਜ ਦਾ"।

ਕਨੇਡਾ ਦੇ ਸਾਹਿਲ ਤੇ ਦੋ ਮਹੀਨੇ ਰੋਕੀ ਰੱਖਣ ਬਾਅਦ, ਕੈਨੇਡੀਅਨ ਸਰਕਾਰ ਨੇ ਕਾਮਾਗਾਟਾ ਮਾਰੂ ਜਹਾਜ, ਜੋ ਬਾਬਾ ਗੁਰਦਿੱਤ ਸਿੰਘ ਸਰਹਾਲੀ ਲਿਆਏ ਸਨ ਸਿੱਧੇ ਸਫਰ ਦੀ ਸ਼ਰਤ ਪੂਰੀ ਕਰਨ ਲਈ, ਪਰ ਫਿਰ ਵੀ ਹਿੰਦੀਆਂ ਨੂੰ ਕੈਨੇਡਾ ਉਤਰਨਾ ਨਾ ਮਿਲਿਆ, ਪਰਵਾਸੀ ਹਿੰਦੀਆਂ ਵਿਚ ਰੋਹ ਕਈ ਗੁਣਾ ਵਧ ਗਿਆ। ਉਹ ਅਮਰੀਕਾ ਕੈਨੇਡਾ ਵਿਚ ਬਣਾਈਆਂ ਜਾਇਦਾਦਾਂ ਨੂੰ ਠੋਕਰ ਮਾਰ ਕੇ, ਦੇਸ਼ ਆਜ਼ਾਦੀ ਦੇ ਜ਼ਜ਼ਬੇ ਹੇਠ ਤਕਰੀਬਨ ਪੰਜ ਹਜਾਰ ਲੋਕ ਗਦਰ ਕਰਨ ਲਈ ਚੋਰੀ ਦੇਸ਼ ਪੁੱਜੇ। ਬੰਨੂ ਕੋਹਾਟ ਤੋਂ ਫੈਜ਼ਾਬਾਦ ਛਾਉਣੀਆਂ ਤੱਕ ਅਤੇ ਬੰਗਾਲੀ ਇਨਕਲਾਬੀਆਂ ਨਾਲ ਵੀ ਸੰਪਰਕ ਸਾਧਿਆ। ਸੈਨਾ ਦੇ ਦੇਸ਼ ਭਗਤ ਹਿੱਸਿਆਂ ਨੂੰ ਜੋੜ ਕੇ ਹਥਿਆਰ ਬੰਦ ਇਨਕਲਾਬ ਦੀ ਤਿਆਰੀ ਵਿੱਢੀ ਗਈ। ਪਰ ਕਈ ਨਕਾਰਨਾਂ ਕਰਕੇ ਯੋਜਨਾ ਸਿਰੇ ਨਾ ਚੜ੍ਹੀ। ਸ਼ਹੀਦ ਕਰਤਾਰ ਸਿੰਘ ਸਰਾਭਾ, ਰਹਿਮਤ ਅਲੀ ਵਜੀਦ ਕੇ, ਵਿਸ਼ਨੂੰ ਗਣੇਸ਼ ਪਿੰਗਲੇ, ਗਾਂਧਾ ਸਿੰਘ ਕੱਚਰ ਭੰਨ ਜਿਹੇ ਅਨੇਕਾਂ ਸੂਰਬੀਰ ਫਾਂਸੀਆਂ 'ਤੇ ਝੂਲ ਗਏ। ਇਸੇ ਲਹਿਰ ਵਿਚ ਰਾਈਆਂ (ਲੁਧਿਆਣਾ) ਦਾ ਭਾਈ ਹਾਕਮ ਸਿੰਘ ਕੂਕਾ ਮੇਰਠ ਛਾਉਣੀ ਵਿਚ ਕੋਰਟ ਮਾਰਸ਼ਲ ਕਰਕੇ ਸ਼ਹੀਦ ਕੀਤਾ ਗਿਆ। ਸਿੰਘਾ ਪੁਰ ਵਿਚ ਫਰਵਰੀ 1915 ਵਿਚ ਗ਼ਦਰ ਦੀ ਯੋਜਨਾ ਬਣਾਉਂਦੇ ਹੋਏ ਰੋਹਤਕ, ਹਿਸਾਰ ਅਤੇ ਗੁੜਗਾਉਂ ਜਿਲ੍ਹੇ ਦੇ 41 ਮੁਸਲਿਮ ਸੈਨਿਕਾਂ ਨੂੰ ਕੋਰਟ ਮਾਰਸ਼ਲ ਕਰਕੇ ਗੋਲੀਆਂ ਨਾਲ ਉਡਾ ਦਿੱਤਾ ਗਿਆ। ਗ਼ਦਰ ਲਹਿਰ ਵਿਚ ਅੰਡੇਮਾਨ ਕਾਲੇ ਪਾਣੀ ਦੀਆਂ ਅਤੇ ਅਤੇ ਦੇਸੀ ਜ਼ੇਲ੍ਹਾਂ ਵਿਚ ਕੈਦ ਕੱਟਣ ਵਾਲਿਆਂ ਨੇ ਜੋ ਸਖਤੀਆਂ ਝੱਲ ਕੇ ਸਾਬਤ ਕਦਮ ਰਹਿਣ ਦਾ ਮੁਜ਼ਾਹਰਾ ਕੀਤਾ। ਉਹਨਾਂ ਘਟਨਾਵਾਂ ਦਾ ਵਰਣਨ ਮਾਤਰ ਹੀ ਦਿਲ ਕੰਬਾ ਦਿੰਦਾ ਹੈ। ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭੇ ਨੂੰ ਉਸਦੇ ਇਕ ਚਾਚੇ ਨੇ ਜੋ ਸਰਕਾਰੀ ਨੌਕਰੀ ਵਿਚ ਸੀ, ਇਸ ਰਾਹੇ ਤੁਰਨ ਦਾ ਕਾਰਨ ਪੁਛਿੱਆ ਤਾਂ ਉਸਦਾ ਜੁਆਬ ਸੀ-**"ਚਾਚਾ ਜੀ ਜੇ ਸਾਥੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਰਾਮ ਸਿੰਘ ਜੀ** ਆਪਣੇ ਸਮਿਆਂ ਵਿਚ ਲੋਕਾਂ ਵਾਸਤੇ ਇਹਨਾ ਸ਼ਹਾਦਤਾਂ ਦੇ ਰਾਹਾਂ ਤੇ ਨਾ ਤੁਰੇ ਹੁੰਦੇ ਤਾਂ ਸ਼ਾਇਦ ਅਸੀਂ ਵੀ ਝਿਜਕ ਜਾਂਦੇ।"

ਪਹਿਲੀ ਸੰਸਾਰ ਜੰਗ ਵਿਚ ਜਦੋਂ ਮਹਾਤਮਾ ਗਾਂਧੀ ਸਮੇਤ ਸਾਰੇ ਹੀ ਕੌਮੀ ਲੀਡਰ ਫੌਜੀ ਭਰਤੀ ਅਤੇ ਜੰਗੀ ਚੰਦਾ ਮੁਹਿੰਮ ਵਿਚ ਅੰਗਰੇਜ਼ ਸਰਕਾਰ ਦੀ ਇਸ ਆਸ ਤੇ ਮਦਦ ਕਰ ਰਹੇ ਸਨ ਕਿ ਜੰਗ ਜਿੱਤ ਕੇ ਸਾਨੂੰ "ਹੋਮ ਰੂਲ" (ਸਥਾਨਕ ਸਰਕਾਰ) ਦੇ ਦੇਣਗੇ, ਮਿਲਿਆ ਰੌਲਟ ਐਕਟ ਅਤੇ ਜੱਲਿਆਂ ਵਾਲਾ ਬਾਗ ਦਾ ਸਾਕਾ। ਇਸ ਤੋਂ ਅਗਲੇ ਸਾਲ ਮਈ 1920 ਵਿਚ ਨਾਮਧਾਰੀ ਅਖ਼ਬਾਰ ਸਤਿਜੁਗ ਦੇ ਸਰਵਰਕ ਤੇ ਨਿਰੰਕਾਰ ਸਿੰਘ ਚੇਤਨ ਨੇ ਜੋ ਕਵਿਤਾ ਛਾਪੀ ਸੀ ਉਸ ਦੀ ਇੱਕ ਤੁਕ ਸੀ- "ਨਾਲ ਲਹੂ ਦੇ ਸਿੰਜਿਆ ਬਾਗ ਕੌਮੀ, ਸਿਖਾਂ, ਹਿੰਦੂਆਂ, ਮੋਮਨਾਂ ਆਰੀਆਂ ਨੇ।" ਯਾਦ ਰਹੇ ਕਿ ਦੋਹਾਂ ਸੰਸਾਰ ਜੰਗਾਂ ਦੇ ਹੀ ਸਮੇਂ ਬਰਤਾਨਵੀ ਅਧਿਕਾਰੀਆਂ ਨੇ ਜਦੋਂ ਵੀ ਸਤਿਗੁਰੂ ਪਰਤਾਪ ਸਿੰਘ ਜੀ ਪਾਸ ਧਨ, ਜਨ ਦੇ ਸਹਿਯੋਗ ਲਈ ਕਿਹਾ ਸੀ ਤਾਂ ਆਪ ਨੇ ਕੋਰੀ ਨਾਂਹ ਕੀਤੀ ਸੀ।

ਮਹਾਤਮਾ ਗਾਂਧੀ ਦੀ ਅਗੁਆਈ ਹੇਠ 1921-22 ਵਿਚ ਸਿਵਲ ਨਾ ਫੁਰਮਾਨੀ ਦੀ ਲਹਿਰ ਜੋਰਾਂ ਤੇ ਸੀ। ਸੰਯੁਕਤ ਪ੍ਰਾਂਤ (ਹੁਣ ਦੇ ਉਤਰ ਪ੍ਰਦੇਸ਼) ਵਿੱਚ ਚੌਰੀ ਚੌਰਾ ਦੇ ਸਥਾਨ ਤੇ ਪੁਲਿਸ ਵੱਲੋਂ ਲੋਕਾਂ ਤੇ ਗੋਲੀ ਚਲਾਏ ਜਾਣ ਕਾਰਨ ਲੋਕਾਂ ਨੇ ਪੁਲਿਸ ਥਾਣਾ ਲੂਹ ਦਿੱਤਾ। ਜਿਸ ਤੇ ਗਾਂਧੀ ਜੀ ਨੇ ਸਿਖਰ ਤੇ ਗਏ ਅੰਦੋਲਨ ਦੀ ਪੀਂਘ ਦਾ ਰੱਸਾ ਖੋਲ੍ਹ ਦਿੱਤਾ। ਦੇਸ਼ ਦੇ ਲੋਕਾਂ ਖ਼ਾਸ ਕਰਕੇ ਕ੍ਰਾਂਤੀਕਾਰੀ ਜ਼ਜ਼ਬੇ ਵਾਲੇ ਨੌਜੁਆਨਾਂ ਨੂੰ ਬਹੁਤ ਮਾਯੂਸੀ ਹੋਈ। ਇਸੇ ਸਮੇਂ ਦਸੰਬਰ 1925 ਵਿਚ ਕਾਨ੍ਹਪੁਰ ਵਿਖੇ ਮੁਕੰਮਲ ਆਜ਼ਾਦੀ ਦੀ ਮੰਗ ਕਰਨ ਅਤੇ ਸਮਾਜਵਾਦ ਲਈ ਘੋਲ ਕਰਨ ਲਈ, ਭਾਰਤੀ ਕਮਿਊਨਿਸਟ ਪਾਰਟੀ ਦੀ ਨੀਂਹ ਰੱਖੀ ਗਈ। ਬਹੁਤ ਸਾਰੇ ਗ਼ਦਰੀ ਸੂਰਬੀਰ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋ ਗਏ। ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ "ਹਿੰਦੁਸਤਾਨ ਸਮਾਜਵਾਦੀ ਗਣਤੰਤਰ ਸੈਨਾ" ਦੀ ਨੀਂਹ ਰੱਖੀ।ਭਗਤ ਸਿੰਘ ਦਾ ਆਦਰਸ਼ ਸ਼ਹੀਦ ਕਰਤਾਰ ਸਿੰਘ ਸਰਾਭਾ ਸੀ। ਪੰਜਾਬ ਵਿਚ ਗੁਰੂ ਰਾਮ ਸਿੰਘ ਅਤੇ ਕੂਕਿਆਂ ਦੀਆਂ ਕੁਰਬਾਨੀਆਂ ਬਾਰੇ ਪਹਿਲਾਂ ਗ਼ਦਰ ਪਾਰਟੀ ਵਾਲਿਆਂ ਨੇ ਲਿਖਿਆ ਅਤੇ ਫਿਰ ਭਗਤ ਸਿੰਘ ਹੋਰਾਂ ਨੇ ਕਿਰਤੀ ਅਤੇ ਮਹਾਂਰਥੀ ਵਿਚ ਲੰਬੇ ਲੇਖ ਲਿਖੇ ਅਤੇ ਅੰਗਰੇਜ਼ ਅਧਿਕਾਰੀਆਂ ਦੀਆਂ ਲਿਖਤਾਂ ਦੇ ਹਵਾਲਿਆਂ ਨਾਲ ਕੂਕਿਆਂ ਦੇ ਸਾਮਰਾਜ ਵਿਰੋਧ ਅਤੇ ਦੇਸ਼ ਭਗਤੀ ਦੀ ਪ੍ਰਸੰਸਾ ਕੀਤੀ। ਭਗਤ ਸਿੰਘ ਵਿਗਿਆਨਿਕ ਸਮਾਜਵਾਦ ਦੇ ਵਿਚਾਰਾਂ ਦਾ ਧਾਰਨੀ ਸੀ। ਅਸੈਂਬਲੀ ਬੰਬ ਕਾਂਡ ਅਤੇ ਸਾਂਡਰਸ-ਬੱਧ ਸਮੇਂ ਲਾਹੌਰ ਵਿਚ ਚਲੇ ਮੁਕੱਦਮਿਆਂ ਦੌਰਾਨ, ਉਸਨੇ ਅਦਾਲਤ ਦੇ ਮੰਚ ਦਾ ਇਸਤੇਮਾਲ, ਆਪਣੇ ਵਿਚਾਰਾਂ ਦੇ ਪਰਦਰਸ਼ਨ ਲਈ ਕੀਤੀ। 23 ਮਾਰਚ 1931 ਨੂੰ ਸ਼ਹੀਦੇ

ਆਜ਼ਮ ਭਗਤ ਸਿੰਘ, ਰਾਜਗੁਰੂ, ਅਤੇ ਸੁਖਦੇਵ ਦੀ ਫਾਂਸੀ ਨੂੰ ਫਿਰ ਸਤਿਜੁਗ ਨੇ ਆਪਣੇ ਪਰਚੇ ਵਿਚ, ਨੌਕਰ ਸ਼ਾਹੀ ਦਾ ਨੀਚ ਕਾਰਾ ਲਿਖ ਕੇ ਇਸ ਦੀ ਨਿਖੇਧੀ ਕੀਤੀ। ਸਾਰੇ ਦੇਸ਼ ਦੇ ਯੁਵਾ ਭਗਤ ਸਿੰਘ ਨੂੰ ਆਦਰਸ਼ ਮੰਨਣ ਲੱਗ ਪਏ।

ਤੀਜੇ ਦਹਾਕੇ ਦੇ ਆਰੰਭ ਵਿਚ ਪੰਜਾਬ ਵਿਚ ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋਈ। ਲਾਹੌਰ ਦੇ ਅੰਗਰੇਜ਼ ਕਮਿਸ਼ਨਰ ਅਤੇ ਸ਼ੇਖੂਪੁਰੇ ਦੇ ਡਿਪਟੀ ਕਮਿਸ਼ਨਰ, ਕਿੰਗ ਅਤੇ ਕਰੀ ਦੀ ਜੋੜੀ ਦੀ ਸ਼ਹਿ ਤੇ ਨਰਾਇਣ ਦਾਸ ਮਹੰਤ ਨੇ ਫਰਵਰੀ 1921 ਵਿਚ 130 ਸਿੰਘ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਦਲੀਪ ਸਿੰਘ ਦੀ ਅਗੁਆਈ ਹੇਠ, ਗੁਰਦੁਆਰਾ ਜਨਮ ਅਸਥਾਨ ਦੇ ਦਰਸ਼ਨਾਂ ਨੂੰ ਗਏ ਬਹੁਤ ਹੀ ਬੇਰਹਿਮੀ ਨਾਲ ਵੱਢ-ਟੁੱਕ ਕੇ, ਗੋਲੀਆਂ ਮਾਰ ਮਾਰ ਕੇ ਅਤੇ ਜੰਡ ਨਾਲ ਬੰਨ੍ਹ ਕੇ, ਅੱਗ ਲਾ ਕੇ ਸ਼ਹੀਦ ਕਰ ਦਿੱਤੇ। ਸਮੂਹ ਹਿੰਦ ਵਾਸੀਆਂ ਵਿਚ ਸ਼ੋਕ ਦੀ ਲਹਿਰ ਦੌੜ ਗਈ। ਸ਼ਹੀਦ ਹੋਣ ਵਾਲੇ ਸਿੰਘਾਂ ਵਿਚ 13 ਨਾਮਧਾਰੀ ਸਿੰਘ ਵੀ ਸਨ। ਸਤਿਜੁਗ ਵਿਚ ਸੰਤ ਨਿਧਾਨ ਸਿੰਘ ਆਲਿਮ ਹੋਰਾਂ ਇਸ ਸ਼ੈਤਾਨੀ ਕਾਰੇ ਦੀ ਭਰਪੂਰ ਨਿਖੇਧੀ ਕੀਤੀ। ਇਸ ਸਾਕੇ ਦੇ ਨਤੀਜੇ ਵਜੋਂ ਸਾਰੇ ਗਰਦੁਆਰੇ ਨਨਕਾਣਾ ਸਾਹਿਬ ਦੇ ਪੰਥਕ ਪ੍ਰਬੰਧ ਹੇਠ ਆ ਗਏ। ਇਸ ਤੋਂ ਬਾਅਦ ਗੁਰੂ ਕੇ ਬਾਗ ਦਾ ਮੋਰਚਾ ਅਤੇ ਜੈਤੋਂ ਦਾ ਮੋਰਚਾ, ਪ੍ਰਸਿੱਧ ਅਕਾਲੀ ਮੋਰਚੇ ਹਨ, ਜਿਹਨਾਂ ਵਿਚ ਅਨੇਕ ਨਾਮਧਾਰੀ ਸਿੰਘਾਂ ਦੇ ਵੀ ਸ਼ਾਮਲ ਹੋਣ ਦੇ ਸਬੂਤ ਮਿਲਦੇ ਹਨ। ਜੈਤੋਂ ਦਾ ਮੋਰਚਾ ਤਾਂ ਮਹਾਰਾਜਾ ਨਾਭਾ ਰਿਪੁਦਮਨ ਸਿੰਘ ਹੋਰਾਂ ਨੂੰ ਗੱਦੀ ਤੋਂ ਲਾਹੁਣ ਕਾਰਨ ਹੀ ਲੱਗਿਆ ਸੀ। ਉਸ ਨੂੰ ਗੱਦੀ ਤੋਂ ਲਾਹੁਣ ਦਾ ਇਕ ਕਾਰਨ ਉਸ ਦੀ ਕੂਕਿਆਂ ਨਾਲ ਨੇੜਤਾ ਵੀ ਸੀ। ਮਹਾਰਾਜਾ ਆਪਣੇ ਆਪ ਨੂੰ "ਭੈਣੀ ਸਾਹਿਬ ਵਾਲੀ ਮੈਂ ਤਾਂ ਲੋਹ ਦਾ ਪੁਜਾਰੀ ਹਾਂ" ਵੀ ਦੱਸਦਾ ਸੀ। ਇਤਿਹਾਸ ਵਿਚ ਉਸ ਨੂੰ "ਦੇਸ਼ ਭਗਤ ਰਾਜ ਕੁਮਾਰ" ਦੇ ਤੌਰ 'ਤੇ ਯਾਦ ਕੀਤਾ ਜਾਂਦਾ ਹੈ।

ਸ਼ਾਂਤਮਈ ਅਕਾਲੀ ਅੰਦੋਲਨਕਾਰੀਆਂ ਉੱਪਰ ਅੰਗਰੇਜ਼ ਅਤੇ ਰਿਆਸਤੀ ਪੁਲੀਸ ਵੱਲੋਂ ਅੰਨ੍ਹੇ ਵਾਹ ਲਾਠੀਆਂ, ਗੋਲੀਆਂ, ਬਰਸਾਏ ਜਾਣ ਦੇ ਰੋਸ ਸਵਰੂਪ, ਦੁਆਬੇ ਵਿਚ ਅਕਾਲੀ ਬੱਬਰ ਲਹਿਰ ਨੇ ਜਨਮ ਲਿਆ। ਥੋੜ੍ਹੇ ਸਮੇਂ ਵਿਚ ਬੱਬਰ ਸੂਰਮਿਆਂ ਦੀ ਉਹਨਾਂ ਦੁਆਰਾ ਅੰਗਰੇਜ ਸਰਕਾਰ ਦੇ ਸੂਹੀਆਂ, ਮੁਖ਼ਬਰਾਂ, ਸਫੈਦਪੋਸ਼ਾਂ, ਆਦਿ ਸਰਕਾਰੀ ਪਿੱਠੂਆਂ ਨੂੰ ਸੋਧਾ ਲਾਉਣ ਕਾਰਨ, ਲੋਕ ਮਨਾਂ ਤੇ ਇਤਨੀ ਪਕੜ ਬਣ ਗਈ ਕਿ ਜਦੋਂ ਉਹਨਾਂ ਕਿਹਾ ਕਿ ਸੜਕਾਂ ਦੇ ਕਿਨਾਰਿਆਂ 'ਤੇ ਉੱਗੇ ਅੰਬਾਂ ਦੇ ਰੁੱਖ ਸਾਡੇ ਹਨ, ਕਿਸੇ ਨੇ ਬੋਲੀ ਤੇ ਉਹ ਰੁੱਖ ਨਾ ਲਾਏ ਅਤੇ ਹਰ ਰਾਹ ਗੁਜ਼ਰ ਅੰਬ ਖਾਣ ਲਈ ਆਜ਼ਾਦ ਸੀ। ਮਾ: ਮੋਤਾ ਸਿੰਘ ਪਤਾਰਾ, ਬੱਬਰ ਕਰਮ ਸਿੰਘ ਦੌਲਤਪੁਰੀ, ਨੰਦ ਸਿੰਘ ਘੜਿਆਲ, ਕਿਸ਼ਨ ਸਿੰਘ ਗੜਗਜ, ਦਲੀਪ ਸਿੰਘ ਧਾਮੀਆਂ ਅਤੇ ਧੰਨਾ ਸਿੰਘ ਬਹਿਬਲ ਪੁਰੀ ਆਦਿ ਪ੍ਰਸਿੱਧ ਬੱਬਰ ਆਗੂ ਸਨ। ਉਹ ਹੱਸਦੇ-ਹੱਸਦੇ ਫਾਂਸੀ ਦੇ ਫੰਦੇ ਤੇ ਝੂਲ ਗਏ। ਰੱਕੜਾਂ (ਹੁਸ਼ਿਆਰਪੁਰ) ਦਾ ਪ੍ਰਸਿੱਧ ਬੱਬਰ ਅਕਾਲੀ, ਸ੍ਰ: ਰਤਨ ਸਿੰਘ ਮਈ 1932 ਈ: ਵਿਚ ਪੁਲਿਸ ਦੇ ਘੇਰੇ ਵਿਚੋਂ ਬਚਦਾ ਬਚਾਉਂਦਾ, ਭੈਣੀ ਸਾਹਿਬ ਪੁੱਜਾ ਸੀ, ਜਿੱਥੋਂ ਉਹਨਾਂ ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੇ ਡੇਰਾ ਪ੍ਰਬੰਧਕ, ਜਥੇਦਾਰ ਗੁਰਮੁਖ ਸਿੰਘ ਝੱਬਰ ਨੇ ਸੁਰਖਿਅਤ ਲੰਘਾ ਦਿੱਤਾ ਸੀ। ਬਾਅਦ ਵਿਚ ਜਦੋਂ ਉਹ ਪੁਲਿਸ ਦੀ ਧਾੜ ਵਿਚ ਬੁਰੀ ਤਰ੍ਹਾਂ ਘਿਰ ਗਏ ਤਾਂ ਕਈਆਂ ਨੂੰ ਜਮਪੁਰੀ ਪਹੁੰਚਾ ਕੇ ਉਹ ਆਪ ਵੀ ਜ਼ਾਮੇ ਸ਼ਹਾਦਤ ਨੋਸ਼ ਕਰ ਗਏ ਸਨ।

ਰਿਅਸਤੀ ਇਲਾਕਿਆ ਦੇ ਲੋਕ ਦੂਹਰੀ ਗੁਲਾਮੀ ਹੇਠ ਸਨ ਉੱਪਰ ਅੰਗਰੇਜ਼ "ਮਾਈ ਬਾਪ" ਅਤੇ ਹੇਠਾਂ ਉਹਨਾਂ ਦੇ ਪਾਲਤੂ ਰਾਜੇ, ਰਜਵਾੜੇ ਤੇ ਜਗੀਰਦਾਰ,ਲਹੂ ਪੀਣੀਆਂ ਜੋਕਾਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤਾਂ ਹੀ ਕਿਹਾ ਸੀ ਕਿ ਫਰੰਗੀਆਂ ਨੇ ਇਹ ਰਾਜੇ ਕੂਕਿਆਂ ਦਾ ਲਹੂ ਪੀਣ ਤੇ ਲਾਏ ਹਨ। ਇਸ ਦੂਹਰੀ ਗੁਲਾਮੀ ਤੋਂ ਛੁਟਕਾਰਾ ਪਾਉਣ ਲਈ ਰਿਅਸਤੀ ਪਰਜਾ ਮੰਡਲ ਹੋਂਦ ਵਿਚ ਆਏ। ਰਿਆਸਤੀ ਇਲਾਕਿਆਂ ਵਿਚ ਆਮ ਲੋਕਾਂ ਤੇ ਰਾਜ ਦਾ ਆਤੰਕ ਇਸ ਕਦਰ ਵਿਆਪਕ ਸੀ ਕਿ ਉਹਨਾਂ ਨੂੰ ਆਪਣੇ ਉਹਨਾਂ ਪਿੰਡਾਂ ਵਿਚ ਜੋ ਸਿੱਖ ਰਾਜਿਆਂ ਦੇ ਅਧੀਨ ਸਨ, ਗੁਰਦੁਆਰੇ ਦੀ ਇਮਾਰਤ ਉਸਾਰਨ ਦੀ ਵੀ ਆਗਿਆ ਨਹੀਂ ਸੀ। ਰਾਜੇ ਸਮਝਦੇ ਸਨ ਕਿ ਗੁਰਦੁਆਰੇ ਵਿਚ ਲੋਕ ਇਕੱਠੇ ਹੋਣਗੇ, ਆਪਣੇ ਅਧਿਕਾਰਾਂ ਬਾਰੇ ਅਤੇ ਸਾਡੇ ਅੱਤਿਆਚਾਰਾਂ ਬਾਰੇ ਸੋਚਣਗੇ, ਵਿਚਾਰਨਗੇ ਅਤੇ ਜੱਥੇਬੰਦ ਹੋਣਗੇ, ਇਸ ਲਈ ਨਾ ਰਹੇ ਬਾਂਸ ਅਤੇ ਨਾ ਵਜੇ ਬਾਂਸੁਰੀ। ਗੁਰਦੁਆਰੇ ਜਿੱਥੇ ਵੀ ਲੋਕ ਛੱਤਦੇ ਸਨ, ਉਹ ਰਾਤ-ਬਰਾਤੇ ਹਾਕਮਾਂ ਤੋਂ ਚੋਰੀ ਛਿਪੇ। ਮੁਜ਼ਾਰੇ ਕਿਸਾਨਾਂ ਦਾ ਜੀਵਨ ਬਹੁਤ ਕਠਿਨ ਸੀ। ਰਾਜੇ ਅਤੇ ਉਹਨਾਂ ਦੇ ਅਹਿਲਕਾਰਾਂ ਦੀ ਅਯਾਸ਼ੀ ਆਮ ਲੋਕਾਂ ਦੇ ਸਿਰ ਤੇ ਭਾਰ ਸੀ। ਸ੍ਰ. ਸੇਵਾ ਸਿੰਘ ਠੀਕਰੀਵਾਲਾ ਪਟਿਆਲਾ ਜਿਹਲ ਵਿਚ ਲੰਮੀ ਭੁੱਖ ਹੜਤਾਲ ਕਰਕੇ, ਤਿਲ ਤਿਲ ਕਰਕੇ ਆਪਣੇ ਪ੍ਰਾਣ ਲੋਕ ਘੋਲ ਦੇ ਪਿੜ ਦੇ ਲੇਖੇ ਲਾ ਗਏ ਸੀ। ਮਾਲਵੇ ਦੇ ਪ੍ਰਸਿੱਧ ਪਰਜਾ ਮੰਡਲੀਏ ਕਾ. ਜਗੀਰ ਸਿੰਘ ਜੋਗਾ, ਹੀਰਾ ਸਿੰਘ ਭੱਠਲ, ਹਰਦਿੱਤ ਸਿੰਘ ਭੱਠਲ, ਬਾਬੂ ਬ੍ਰਿਸਭਾਨ ਆਦਿ ਸਨ । ਕਾ. ਜੋਗੇ ਦੇ ਸਕੇ ਦਾਦੇ ਦਾ ਭਾਈ, ਸ੍ਰ. ਸ਼ਾਮ ਸਿੰਘ ਕੂਕਾ 18 ਜਨਵਰੀ 1872 ਨੂੰ ਮਲੇਰਕੋਟਲੇ ਦੇ ਰੱਕੜ ਵਿਚ ਤੋਪ ਨਾਲ ਉਡਾ ਕੇ ਸ਼ਹੀਦ ਕੀਤਾ ਗਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਫਰਵਰੀ 1939 ਈ: ਵਿਚ ਰਿਅਸਤੀ ਪਰਜਾ ਮੰਡਲ ਦੀ ਲੁਧਿਆਣਾ ਕਾਨਫ੍ਰੰਸ ਵਿਚ ਪੰਡਿਤ ਜਵਾਹਰ ਲਾਲ ਨਹਿਰੂ ਤੇ ਹੋਰ ਕੌਮੀ ਰਾਜਿਆਂ ਨਾਲ ਮਿਲ ਕੇ ਸ਼ਿਰਕਤ ਕੀਤੀ ਸੀ। ਇਸ ਮੌਕੇ ਪੰਡਿਤ ਨਹਿਰੂ ਨੇ ਭੈਣੀ ਸਾਹਿਬ ਆ ਕੇ ਕਿਹਾ ਸੀ ਜਿਹੜਾ ਕੰਮ ਹੁਣ ਮਹਾਤਮਾ ਗਾਂਧੀ ਜੀ ਕਰ ਰਹੇ ਸਨ ਉਹ ਬਹੁਤ ਵਰ੍ਹੇ ਪਹਿਲਾਂ ਇਸ ਧਰਤੀ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ ਸੀ। ਇੰਗਲੈਂਡ ਵਿਚ ਜਾ ਕੇ ਜਨਰਲ ਓਡਵਾਇਰ ਨੂੰ ਗੋਲੀਆਂ ਮਾਰ ਕੇ 31 ਜੁਲਾਈ 1940 ਨੂੰ ਸ੍ਰ. ਊਧਮ ਸਿੰਘ ਸੁਨਾਮ ਸ਼ਹੀਦ ਹੋ ਗਏ ਸਨ।ਸ਼ੁਭਾਸ਼ ਚੰਦਰ ਬੋਸ਼ ਹੋਰਾਂ ਜਦੋਂ ਅਜ਼ਾਦ ਹਿੰਦ ਫੌਜ ਬਣਾਈ ਅਤੇ ਦਿੱਲੀ ਚੱਲੋ ਦਾ ਨਾਅਰਾ ਦਿੱਤਾ ਤਾਂ ਸਿਆਮ(ਥਾਈਲੈਂਡ ) ਦੇ ਨਾਮਧਾਰੀ

ਸਿੱਖਾ ਨੇ ਉਹਨਾਂ ਦਾ ਤਨ ਮਨ ਧਨ ਨਾਲ ਸਹਿਯੋਗ ਦਿੱਤਾ। ਪ੍ਰਸਿੱਧ ਨਾਮਧਾਰੀ ਸੇਠ ਤਿਰਲੋਕ ਸਿੰਘ ਚਾਵਲਾ ਉਸ ਸਮੇਂ ਨੇਤਾ ਜੀ ਦੇ ਡਰਾਈਵਰ ਰਹੇ ਸਨ। ਓੜਕ ਜਿਹੜੇ ਬਚਨ ਸਤਿਗੁਰੂ ਰਾਮ ਸਿੰਘ ਜੀ ਨੇ ਕਲਕੱਤੇ ਦੇ ਸਮੁੰਦਰੀ ਸਫਰ ਸ਼ੁਰੂ ਕਰਨ ਤੇ ਕੀਤੇ ਸਨ-"ਤੁਸਾਂ ਸਾਨੂੰ ਸਿਆਲ ਵਿਚ ਕੱਢਿਆ ਏ, ਅਸਾਂ ਹਾੜ੍ਹ ਮੁਸੀਬਤਾਂ ਪਾਈਆਂ ਨੇ"।

ਜੂਨ 1947 ਵਿੱਚ ਹਾੜ ਦੇ ਮਹੀਨੇ ਗੋਰਾਸ਼ਾਹੀ ਦੇ ਬਿਸਤਰ ਗੋਲ ਹੋਣ ਦਾ ਫੈਸਲਾ ਹੋ ਗਿਆ ਅਤੇ ਲੱਖਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਅਦ, ਦੂਸਰੇ ਵਿਸ਼ਵ ਜੁੱਧ ਬਾਅਦ ਸਮਾਜਵਾਦੀ ਖੇਮੇ ਦੇ ਮਜ਼ਬੂਤ ਹੋਣ ਕਾਰਨ ਸਾਮਰਾਜ ਦੀਆਂ ਕੜੀਆਂ ਇੱਕ ਇੱਕ ਕਰਕੇ ਟੁੱਟਣੀਆਂ ਸ਼ੁਰੂ ਹੋ ਗਈਆਂ। 15 ਅਗਸਤ 1947 ਨੂੰ ਦੇਸ਼ ਆਜ਼ਾਦ ਤਾਂ ਹੋ ਗਿਆ ਪਰ ਦੋ ਕਰੋੜ ਲੋਕਾਂ ਨੂੰ ਬੇਘਰ ਹੋਣਾ ਪਿਆ। ਪੰਜਾਬ ਅਤੇ ਬੰਗਾਲ ਵੰਡੇ ਗਏ। ਦਸ ਲੱਖ ਲੋਕ ਅਣਿਆਈ ਮੌਤ ਦਾ ਸ਼ਿਕਾਰ ਹੋਏ। ਹਜ਼ਾਰਾਂ ਅਬਲਾਵਾਂ ਦੀ ਬੇਪਤੀ ਹੋਈ। ਮਨੁੱਖੀ ਖੂਨ ਪਾਣੀ ਤੋਂ ਪਤਲਾ ਹੋ ਗਿਆ। ਕੱਲ੍ਹ ਤੱਕ ਇਕੱਠੇ ਵੱਸਣ ਵਾਲੇ ਹਮਸਾਏ ਇਕ ਦੂਜੇ ਦੇ ਲਹੂ ਦੇ ਤਰਿਹਾਏ ਹੋ ਗਏ। ਮਾਸਟਰ ਤਾਰਾ ਸਿੰਘ ਹੋਰਾਂ ਮਾਰਚ ਵਿਚ ਮੁਸਲਿਮ ਲੀਗ ਦਾ ਝੰਡਾ, ਲਾਹੌਰ ਅਸੈਂਬਲੀ ਦੇ ਬਾਹਰ ਵੱਢਿਆ ਸੀ, ਮੁਸਲਿਮ ਲੀਗ ਨੇ ਫਿਰਕੂ ਫਸਾਦ ਸ਼ੁਰੂ ਕਰਾ ਦਿੱਤੇ। ਸਾਡਾ ਕਵੀ ਲਿਖਦਾ ਹੈ-

"ਪੰਥ ਨੇ ਵੱਢੀਆਂ ਰੱਸੀਆਂ, ਦੀਨ ਨੇ ਲਾਈ ਅੱਗ।
ਦੋਹਾਂ ਧਿਰਾਂ ਦੀ ਲਹਿ ਗਈ, ਧਰਮ ਸ਼ਰਮ ਦੀ ਪੱਗ।
ਧਰਮ ਸ਼ਰਮ ਦੀ ਪੱਗ, ਸੰਨ ਸੰਤਾਲੀ ਚੜ੍ਹਿਆ।
ਚਿਰਾਂ ਦੇ ਭੁੱਖੇ ਮਜ਼੍ਹਬ, ਸੁਕਰ ਦਾ ਕਲਮਾ ਪੜ੍ਹਿਆ।
ਕਹਿ ਗੋਧਾ ਸਿੰਘ ਜੱਟ, ਗੱਲ ਮੈਂ ਸੱਚੀ ਦੱਸੀ।
ਦੀਨ ਨੇ ਲਾਈ ਅੱਗ, ਪੰਥ ਨੇ ਵੱਢੀ ਰੱਸੀ।
ਲੈ ਸਲਾਹ ਅੰਗਰੇਜ਼ਾਂ ਦੀ, ਕੀਤੀ ਫਿਰਕੂ ਵੰਡ।
ਲੀਡਰ ਮੌਜਾਂ ਮਾਣਦੇ, ਜਨਤਾ ਖਾਧੀ ਫੰਡ।
ਜਨਤਾ ਖਾਧੀ ਫੰਡ, ਗੰਢ ਕੋਈ ਰਹੀ ਨਾ ਪੱਲੇ।
ਪਾਏ ਆਜ਼ਾਦੀ ਵੈਣ, ਬੈਠ ਕੇ ਲਾਸ਼ਾਂ ਥੱਲੇ।
ਕਹਿ ਗੋਧਾ ਸਿੰਘ ਜੱਟ, ਅੱਡੋ ਅੱਡ ਮਜ਼੍ਹਬ ਕਰਾਏ।
ਮੁਰਦੇ ਲਾਸ਼ਾਂ ਵੇਖ, ਮਜ਼੍ਹਬ ਮੁੱਛ ਵੱਟ ਚੜ੍ਹਾਏ।"

**ਕਵੀ ਗੁਰਬਖਸ਼ ਸਿੰਘ "ਜੱਟ" ਉਰਫ ਗੋਧਾ ਸਿੰਘ "ਜੱਟ"**

ਸਤਿਗੁਰੂ ਪਰਤਾਪ ਸਿੰਘ ਜੀ ਨੇ ਨਾਮਧਾਰੀ ਸਿੰਘਾਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਧਰੋਂ ਉਧਰ ਜਾਣ ਵਾਲੇ ਕਿਸੇ ਵੀ ਮੁਸਲਿਮ ਭਾਈ ਚਾਰੇ ਦੇ ਵਿਅਕਤੀ ਦਾ ਜਾਨੀ ਮਾਲੀ ਨੁਕਸਾਨ ਨਹੀਂ ਕਰਨਾ ਸਗੋਂ ਉਹਨਾਂ ਦੀ ਯਥਾ ਸੰਭਵ ਇਮਦਾਦ ਕਰਨੀ। ਅੰਬਾਲੇ ਦੇ ਐਮ.ਐਲ. ਏ. ਅਬਦੁਲ ਗਨੀ ਕਿਹਾ ਕਰਦੇ ਸਨ ਕਿ ਜੇ ਸਤਿਗੁਰੂ ਪਰਤਾਪ ਸਿੰਘ ਜੀ ਅਤੇ ਉਹਨਾਂ ਦੇ ਭੈਣੀ ਸਾਹਿਬ ਡੇਰੇ ਦੇ ਨਾਮਧਾਰੀ ਸਿੰਘ ਮਦਦ ਨਾ ਕਰਦੇ ਤਾਂ ਬੇਟ ਦੇ ਇਲਾਕੇ ਦਾ ਇਕ ਵੀ ਮੁਸਲਮਾਨ ਸੁਰੱਖਿਅਤ ਪਾਕਿਸਤਾਨ ਨਾ ਪੁੱਜਦਾ। ਕਾ. ਸੋਹਣ ਸਿੰਘ ਜੋਸ਼ ਵੰਡ ਦੇ ਇਸ ਦੁਖਦਾਈ ਸਮੇਂ, ਦੋ ਧਿਰਾਂ ਦੇ ਹੀ ਮਨੁੱਖੀ ਹਮਦਰਦੀ ਦੇ ਪੈਂਤੜੇ ਤੇ ਸਾਬਤ ਕਦਮ ਰਹਿਣ ਦਾ ਜ਼ਿਕਰ ਕਰਿਆ ਕਰਦੇ ਸਨ ਕਿ ਇਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪੈਰੋਕਾਰ ਨਾਮਧਾਰੀ ਸਿੰਘ ਅਤੇ ਦੂਜੇ ਕਮਿਊਨਿਸਟ ਕਾਰਕੁੰਨ।

ਅੱਜ ਜਦੋਂ ਅਸੀਂ ਦੇਸ਼ ਦੀ ਆਜ਼ਾਦੀ ਨੂੰ ਬਹੱਤਰਵੇਂ ਵਰ੍ਹੇ ਵਿਚ ਪ੍ਰਵੇਸ਼ ਕਰਦੀ ਵੇਖਦੇ ਹਾਂ ਤਾਂ ਇਕ ਸੁਆਲ ਜ਼ਿਹਨ ਵਿਚ ਵਾਰ-ਵਾਰ ਉੱਭਰਦਾ ਹੈ- ਕੀ ਉਹਨਾਂ ਸੁਪਨਿਆਂ ਦੀ ਪੂਰਤੀ ਹੋ ਗਈ, ਜਿਹੜੇ ਸੁਪਨੇ ਨੈਣਾਂ ਵਿਚ ਲਟਕਾਈ, ਸਾਡੇ ਮੁਕਤੀ ਸੰਗਰਾਮੀਆਂ ਨੇ ਆਖਰੀ ਵਾਰ ਆਪਣੇ ਕਾਤਲਾਂ ਦੀ ਅੱਖ ਵਿਚ ਅੱਖ ਪਾ ਕੇ ਵੇਖਿਆ ਸੀ। ਬਾਬਾ ਸੋਹਨ ਸਿੰਘ ਭਕਨਾ ਇਹ ਕਿਹਾ ਕਰਦੇ ਸਨ ਕਿ ਇਹ ਆਜ਼ਾਦੀ ਉਹ ਆਜ਼ਾਦੀ ਨਹੀਂ, ਜੋ ਸਤਿਗੁਰੂ ਰਾਮ ਸਿੰਘ ਜੀ ਨੇ ਚਿਤਵੀ ਸੀ। ਕੁਝ ਹੋਰ ਸਿਆਣਿਆਂ ਦਾ ਮੱਤ ਹੈ ਕਿ ਆਰਥਿਕ ਆਜ਼ਾਦੀ ਤੋਂ ਬਿਨਾਂ ਰਾਜਨੈਤਿਕ ਆਜ਼ਾਦੀ ਅਧੂਰੀ ਹੁੰਦੀ ਹੈ। ਇਸ ਲਈ ਉਸ ਆਜ਼ਾਦੀ ਲਈ ਯਤਨ ਕਰਨਾ ਸਭ ਦਾ ਸਾਂਝਾ ਫਰਜ਼ ਹੈ ਕਿ ਦੇਸ਼ ਦੇ ਹਰ ਬਸ਼ਰ ਦੇ ਕੁੱਲੀ, ਗੁੱਲੀ ਤੇ ਜੁੱਲੀ ਦੇ ਬੁਨਿਆਦੀ ਮਸਲੇ ਤਾਂ ਹੱਲ ਹੋਣ। ਸਿੱਖਿਆ ਅਤੇ ਸਿਹਤ ਜਿਹੀਆਂ ਬੁਨਿਆਦੀ ਲੋੜਾਂ, ਸਭ ਦੀ ਪਹੁੰਚ ਵਿਚ ਹੋਣ। ਸਾਰੇ ਧਰਮ ਬੋਲੀਆਂ, ਸੰਪ੍ਰਦਾਵਾਂ, ਜ਼ਾਤੀਆਂ ਤੇ ਫਿਰਕੇ ਇਕ ਦੂਜੇ ਨਾਲ ਸ਼ਾਂਤੀਪੂਰਨ ਸਹਿਹੋਂਦ ਯਕੀਨੀ ਬਣਾਉਣ। ਪੰਜਾਬ ਅਤੇ ਦੇਸ਼ ਦੀ ਜੁਆਨੀ ਜਿਸ ਨੇ ਪਰਿਵਰਤਨ ਦਾ ਵਾਹਕ ਬਣਨਾ ਹੈ ਉਸ ਨੂੰ ਨਸ਼ਿਆ ਦੀ ਗੁਲਾਮੀ ਤੋਂ ਆਜ਼ਾਦੀ ਦਿਵਾਉਣੀ ਪ੍ਰਮੁੱਖ ਮਸਲਾ ਹੈ। ਮਹਿੰਗੇ ਵਿਆਹ, ਸ਼ਾਦੀਆਂ ਅਤੇ ਮਰਨੇ ਪਰਨੇ ਦੇ ਅਡੰਬਰਾਂ ਤੋਂ ਮੁਕਤ ਹੋਣਾ ਵੀ ਸਮੇਂ ਦੀ ਲੋੜ ਹੈ । ਸਤਿਗੁਰੂ ਉਦੇ ਸਿੰਘ ਜੀ ਦੇ ਉਪਦੇਸ਼ਾਂ ਦੀ ਰੌਸ਼ਨੀ ਵਿਚ, ਨਾਮਧਾਰੀ ਯੁਵਕਾਂ ਨੂੰ ਇਹਨਾਂ ਲਈ ਕਮਰਕੱਸੇ ਕਰਨੇ ਚਾਹੀਦੇ ਹਨ।

ਇਸ ਅਵਸਰ ਤੇ ਅਸੀ ਮੁਕਤੀ ਸੰਗਰਾਮ ਦੇ ਸਮੂਹ ਗਿਆਤ ਅਗਿਆਤ, ਜ਼ਾਂਬਾਜ਼ਾਂ, ਸੂਰਬੀਰਾਂ ਦੀ ਯਾਦ ਵਿਚ ਆਪਣਾ ਸਿਰ ਝੁਕਾਉਂਦੇ ਹਾਂ।

"ਐ ਮੇਰੇ ਵਤਨ ਕੇ ਲੋਗੋ,
ਜ਼ਰਾ ਆਂਖ ਮੇਂ ਭਰ ਲੋ ਪਾਨੀ।
ਜੋ ਸ਼ਹੀਦ ਹੂਏ ਹੈ ਉਨਕੀ,
ਜ਼ਰਾ ਯਾਦ ਕਰੋ ਕੁਰਬਾਨੀ।"

**ਸੁਵਰਨ ਸਿੰਘ ਵਿਰਕ**
**ਕਰੀਵਾਲਾ, ਸਿਰਸਾ**
**ਸੰਪਰਕ:99963-71716**

# ਹੂੰਦਾ ਨ੍ਹਈਂ ਨਿਆਂ

-ਅਮੀਨ ਮਲਿਕ

ਅਨਪੜ੍ਹ ਮਾਂ ਦੀ ਅੱਟੇ ਸੱਟੇ ਦੱਸੀ ਉਮਰ ਮੂਜਬ ਅਜੇ 5-6 ਵਰ੍ਹਿਆਂ ਦਾ ਹੀ ਸਾਂ। ਅਜੇ ਮੇਰੇ ਦਿਲ ਦੀ ਨਿਆਣੀ ਕੰਵਾਰੀ ਅਤੇ ਅੱਖੜ ਹੀ ਸੀ। ਨਾ ਉਸ ਵਿਚ ਕਿਸੇ ਨੇ ਬੁਘਾਟ ਪਿਉਲੀ ਦਾ ਛੱਟਾ ਦਿੱਤਾ ਸੀ ਅਤੇ ਨਾ ਹੀ ਕਿਸੇ ਨੇ ਕਾਸ਼ਨੀ ਬੀਜੀ ਸੀ। ਸੋਚਾਂ ਦੀ ਮਾਸੂਮ ਕਿਤਾਬ ਦੇ ਚਿੱਟੇ ਵਰਕੇ 'ਤੇ ਅਜੇ ਨਾ ਕਿਸੇ ਨੇ ਕੋਈ ਬਾਣੀ ਲਿਖੀ ਸੀ ਅਤੇ ਨਾ ਹੀ ਕੋਈ ਆਇਤ ਉਲੀਕੀ ਸੀ। ਨਾ ਹੀ ਕਿਸੇ ਨੇ ਮਨ ਦੇ ਵਿਹੜੇ ਵਿਚ ਨੂੰਹ ਸੱਸ ਦੇ ਵੈਰੀਆਂ ਵਾਲੇ ਸਰੀਕੇ ਦਾ ਜ਼ਹਿਰ ਘੋਲ ਕੇ ਡੋਲਿਆ ਸੀ। ਅਜੇ ਮੈਂ ਸੱਤਾਂ ਪਾਣੀਆਂ ਨਾਲ ਧੋਤਾ ਹੋਇਆ ਕੋਰਾ ਠੂਠਾ ਸੀ, ਜਿਸ ਵਿਚ ਜਹਾਨ ਦਾ ਜਿੰਨ, ਜੋ ਜੀਅ ਕਰੇ ਪਾ ਕੇ ਪੀ ਲਵੇ। ਇਕ ਚਿੱਟੀ ਚਾਦਰ ਹੀ ਸੀ ਜਦੋਂ ਕਲਮੂੰਹਾ 1947 ਆ ਗਿਆ ਤੇ ਮਨੁੱਖ ਦੇ ਮੂੰਹ ਨੂੰ ਲਹੂ ਲਗ ਗਿਆ। ਅਜਨਾਲੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ ਪਰ ਅਜੇ ਮੈਨੂੰ ਐਨਾ ਇਲਮ ਨਹੀਂ ਸੀ ਕਿ ਜਿੰਦਾਬਾਦ ਤੇ ਮੁਰਦਾਬਾਦ ਦਾ ਮਤਲਬ ਕੀ ਹੁੰਦਾ ਹੈ? ਲੋਕੀਂ ਆਖਦੇ ਰਹੇ ਤੇ ਮੈਂ ਵੀ ਪਿੱਛੇ-ਪਿੱਛੇ ਬੋਲਦਾ ਗਿਆ। ਹੌਲੀ-ਹੌਲੀ, ਵੇਖਦਿਆਂ ਹੀ ਵੇਖਦਿਆਂ, ਜ਼ਿੰਦਾਬਾਦ ਤਾਂ ਕਿਧਰੇ ਨਜ਼ਰ ਨਾ ਆਇਆ, ਪਰ ਹਰ ਪਾਸੇ ਮੁਰਦੇ ਤੇ ਮੁਰਦਾੜ ਖਿਲਰਨ ਲੱਗ ਪਏ। ਸਵਾਲਾਂ ਦੀ ਫੌਜ ਨੇ ਮੇਰੇ ਸਿਰ ਦੇ ਸੱਖਣੇ ਮੈਦਾਨ ਵਿੱਚ ਪਹਿਲੀ ਵਾਰ ਛਾਉਣੀ ਪਾਈ। ਇਹ ਕਤਲ ਕਿਉਂ? ਇਹ ਵੈਰ ਕਾਹਦਾ? ਮਰਨ ਵਾਲੇ ਨੇ ਗੁਨਾਹ ਕਿਹੜਾ ਕੀਤਾ ਸੀ? ਕਾਤਲਾਂ ਨੂੰ ਕੀ ਮਿਲਿਆ? ਮਰਨ ਵਾਲੇ ਦੇ ਬੱਚਿਆਂ ਦਾ ਕੀ ਬਣੇਗਾ? ਮਸੀਤ ਵਿਚ ਨਮਾਜ਼ ਪੜ੍ਹ ਕੇ ਇਹ ਦੁਆ ਮੰਗਣ ਵਾਲੇ ਨੇ ਕਿ "ਮੌਲਾ ਕੁੱਲ ਦਾ ਭਲਾ ਤੇ ਕੁਲ ਦੀ ਖ਼ੈਰ, ਸਾਰੇ ਜਹਾਨ ਤੇ ਰਹਿਮ ਕਰੀਂ" ਅਜ ਆਪਣੇ ਹੱਥੀਂ ਇਕ ਨਿਰਦੋਸ਼ ਦੇ ਢਿੱਡ ਵਿੱਚ ਬਰਛੀ ਮਾਰ ਕੇ ਕਿਉਂ ਮਾਰ ਸੁੱਟਿਆ ਏ? ਮਰਨ ਵਾਲੇ ਨੇ ਮਰਨ ਤੋਂ ਪਹਿਲਾਂ ਹੱਥ ਵੀ ਜੋੜੇ ਸਨ। ਕੀ ਹੁਣ ਰਹੀਮ ਤੇ ਕਰੀਮ ਨਹੀਂ ਰਹਿ ਗਿਆ ਜਾਂ ਉਸ ਦਾ ਨਾਂ ਲੈਣ ਵਾਲੇ ਝੂਠੇ ਸਨ? ਇਹ ਮੇਰੀ ਹਯਾਤੀ ਦੀ ਕਿਤਾਬ ਦਾ ਪਹਿਲਾ ਵਰਕਾ ਸੀ, ਜਿਸ ਉੱਤੇ ਪਹਿਲੇ ਬੇਗੁਨਾਹ ਦੇ ਕਤਲ ਦਾ ਨਕਸ਼ਾ ਵਗਿਆ।

ਸਾਰਾ ਪਿੰਡ ਕੋਠਿਆਂ ਤੇ ਚੜ੍ਹ ਕੇ ਧਾਲੀਵਾਲ ਕੋਲ ਇਕ ਪਿੰਡ ਵਿੱਚ ਬੋਹਲਿਆਂ ਨੂੰ ਲੱਗੀ ਅੱਗ ਦਾ ਧੂੰਆਂ ਵੇਖ ਕੇ ਆਪਣੇ ਆਉਣ ਵਾਲੇ ਵੇਲੇ ਦਾ ਮੁਹਾਂਦਰਾ ਬਣਾ ਰਿਹਾ ਸੀ। ਕੁਝ ਜਣੇਂ ਵਾਹਦ ਦੀ ਹਵੇਲੀ ਵਿੱਚ ਰਹਿਮਤ ਤਰਖਾਣ ਕੋਲੋਂ ਆਪਣੀਆਂ ਡਾਗਾਂ ਅੱਗੇ ਬਰਛੀਆਂ ਨੂੰ ਬਲਮਾਂ ਲਵਾ ਰਹੇ ਸਨ। ਰਹਿਮਤ ਤਰਖਾਣ ਦੀ ਭੱਠੀ ਤੇ ਨਾ ਹੁਣ ਕੋਈ ਦਾਤਰੀਆਂ ਦੇ ਦੰਦੇ ਕਢਾਉਂਦਾ ਸੀ ਤੇ ਨਾ ਰੰਬੇ ਚੰਡਾਉਂਦਾ ਸੀ। ਨਾ ਹੁਣ ਹਲਾਂ ਦੇ ਫਾਲ੍ਹੇ ਬਣਦੇ ਸਨ ਅਤੇ ਨਾ ਟੋਕੇ ਦੀਆਂ ਜੋੜੀਆਂ। ਹੁਣ ਕਣਕਾਂ ਦੀ ਵਾਢੀ ਦਾ ਕਿਸੇ ਨੂੰ ਕੋਈ ਫਿਕਰ ਨਹੀਂ ਸੀ। ਹੁਣ ਸਾਰੇ ਸੰਦ ਹਥਿਆਰ ਇਨਸਾਨਾਂ ਦੀ ਵਾਢੀ ਲਈ ਬਣਦੇ ਸਨ। ਵਿਹੰਦਿਆਂ-ਵਿਹੰਦਿਆਂ ਵੱਢੇ, ਟੁੱਕੇ, ਅੱਧ-ਪਚੱਦੇ, ਲਹੂ ਵਿੱਚ ਨ੍ਹਾਤੇ, ਭੁੱਖਣ-ਭਾਣੇ, ਡਰੇ ਡਰੇ ਜਿਹੇ, ਅੱਧ-ਮਰੇ ਲੋਕ ਸਾਡੇ ਪਿੰਡ ਵਿੱਚੋਂ ਲੰਘ ਕੇ ਰਾਵੀ ਵੱਲ ਨੂੰ ਜਾਣ ਲੱਗ ਪਏ। ਉਹ ਏਨਾ ਕੁ ਹੀ ਦੱਸਦੇ ਸਨ ਕਿ ਅਸੀਂ ਪਾਕਿਸਤਾਨ ਚੱਲੇ ਹਾਂ। ਪਿੰਡ ਵਾਲਿਆਂ ਨੂੰ ਤਾਂ ਪਤਾ ਹੋਵੇਗਾ, ਪਰ ਮੈਨੂੰ ਥਹੁ ਨਾ ਲੱਗੀ ਕਿ ਪਾਕਿਸਤਾਨ ਕਿੱਥੇ ਰਹਿੰਦਾ ਏ ਅਤੇ ਉਸ ਕੋਲੋਂ ਲੈਣਾ ਕੀ ਏ? ਲੋਕੀਂ ਉਹਨਾਂ ਕੋਲੋਂ ਕੁਝ ਪੁੱਛਦੇ ਸਨ ਪਰ ਉਹਨਾਂ ਕੋਲ ਵਿਹਲ ਨਹੀਂ ਸੀ। ਉਹਨਾਂ ਦੇ ਅੱਥਰੂ ਕੁਝ ਦੱਸਦੇ ਸਨ, ਪਰ ਮੇਰੇ ਕੋਲ ਸਮਝ ਦੀ ਕੰਨੀ ਨਹੀਂ ਸੀ। ਮੈਂ ਤੇ ਮੇਰੇ ਪਿੰਡ ਵਾਲੇ ਇਹ ਹੀ ਸਮਝਦੇ ਰਹੇ ਕਿ ਇਹਨਾਂ ਵਿਚਾਰਿਆਂ ਨੂੰ ਆਪਣਾ ਪਿੰਡ ਛੱਡਣਾ ਪਿਆ ਹੈ। ਉਹਨਾਂ ਨੂੰ ਲੱਸੀ ਪਾਣੀ ਪੁੱਛਦੇ, ਪਰ ਉਹ ਤਰਾਹੇ ਹੋਏ ਲੋਕ ਖੌਫ਼ ਨਾਲ ਭਰੀਆਂ ਅੱਖਾਂ ਨਾਲ ਰਾਵੀ ਟੱਪਣ ਦੌੜ ਜਾਂਦੇ ਸਨ। ਇੱਕ ਦਿਨ ਦੌੜੇ ਜਾਂਦੇ ਇੱਕ ਟੱਬਰ ਨੂੰ ਸਾਡੇ ਪਿੰਡ ਖਲੋਣਾ ਪੈ ਗਿਆ। ਹੈ ਤਾਂ ਮੈਂ ਬਾਲ ਸਾਂ, ਪਰ ਨਿੱਕੀ ਤੋਂ ਨਿੱਕੀ ਗੱਲ ਨੂੰ ਨੀਝ ਲਾ ਕੇ ਵੇਖਣ ਦੀ ਆਦਤ ਸੀ। ਇਕ ਕਰਮਾਂ ਮਾਰੇ ਪਿਓ ਨੇ ਮੋਢਿਆਂ 'ਤੇ ਚੁੱਕੀ ਲਹੂ-ਲੁਹਾਣ ਜਵਾਨ ਧੀ ਨੂੰ ਥੱਲੇ ਲਾਹਿਆ ਤੇ ਸਾਡੀ ਹਵੇਲੀ ਦੇ ਬੂਹੇ ਅੱਗੇ ਲਿਟਾਅ ਦਿੱਤਾ। ਕੁੜੀ ਦੀ ਹਿੱਕ ਦਾ ਸੱਜਾ ਪਾਸਾ ਫੱਟੜ ਸੀ। ਉਸ ਦੇ ਅੰਗ ਨਾਲ ਖੌਰੇ ਕਿਸੇ ਨੇ ਕੀ ਕੁਝ ਕੀਤਾ ਸੀ ਕਿ ਹੁਣ ਉਸ ਬਾਰੇ ਗੱਲ ਵੀ ਕਰਨ ਨੂੰ ਮੇਰਾ ਜੀਅ ਨਹੀਂ ਕਰਦਾ। ਉਸ ਦੇ ਪਿਓ ਨੇ ਦੱਸਿਆ ਕਿ ਅੱਧੀ ਰਾਤ ਨੂੰ ਸਿੱਖਾਂ ਦਾ ਜਥਾ ਗਿਆ ਤੇ ਉਸਦੀ ਵੱਡੀ ਧੀ ਨੂੰ ਚੁੱਕ ਕੇ ਲੈ ਗਏ, ਨਿੱਕੀ ਨੂੰ ਬਚਾ ਕੇ ਲੈ ਆਏ ਹਾਂ, ਜਿਸ ਦਾ ਕੁਝ ਨਹੀਂ ਸੀ ਬਚਿਆ। ਉਸ ਦਾ ਪਿਓ ਉਸ ਨੂੰ ਬਚਾਈ ਫਿਰਦਾ ਸੀ।

ਮੈਂ ਸਿੱਖਾਂ ਨੂੰ ਵੱਡੀ ਸਾਰੀ ਗਾਲ੍ਹ ਕੱਢੀ। ਨੇੜੇ ਜੇਹੇ ਹੋ ਕੇ ਕੁੜੀ ਨੂੰ ਵੇਖਿਆ, ਜਿਸ ਦੀ ਹਿੱਕ ਨੂੰ ਚੁੰਨੀ ਨਾਲ ਘੁੱਟ ਕੇ ਬੰਨ੍ਹਿਆ ਹੋਇਆ ਸੀ ਅਤੇ ਸਾਰੀ ਚੁੰਨੀ ਲਹੂ ਲੁਹਾਣ ਸੀ। ਮੈਂ ਬੜਾ ਹੀ ਮੰਦਾ ਬੋਲਿਆ - ਚੁੱਪ ਚਾਪ ਜ਼ੁਬਾਨ ਨਾਲ, ਮੰਦਿਆਂ ਨੂੰ। ਫਿਰ ਵੇਲਾ ਮੰਦੇ ਤੋਂ ਮੰਦਾ ਆਉਂਦਾ ਗਿਆ। ਮੇਰੇ ਸਿਰ ਵਿੱਚ ਰੱਖੇ ਕੋਰੇ ਠੂਠੇ ਨੇ, ਪਹਿਲਾ ਕਤਲ ਵੇਖ ਕੇ ਲਹੂ ਦੀ ਲੱਪ ਭਰ ਕੇ ਅੰਦਰ ਰੱਖ ਲਈ। ਮੇਰੀ ਤੱਕੜੀ ਦੇ ਛਾਬੇ ਵਿਚ ਕਦੀ ਸਿੱਖ ਹੌਲਾ ਹੋ ਜਾਂਦਾ ਅਤੇ ਕਦੀ ਮੁਸਲਮਾਨ। ਮੈਂ ਰੱਸਾ ਫੜ ਕੇ ਸੋਚਦਾ ਰਿਹਾ ਕਿ ਕੀਹਦੇ ਗਲ ਵਿਚ ਪਾਵਾਂ।ਮੈਂ ਬੜੇ ਪਾਸਕੂ ਬੱਧੇ, ਪਰ ਮੇਰੀ ਸੋਚਾਂ ਦੀ ਤੱਕੜੀ ਡੋਲਦੀ ਰਹੀ। ਐਨਾ ਹੀ ਆਖਾਂਗਾ ਕਿ ਸਾਰੀ ਦੁਨੀਆਂ ਨਾਲੋਂ ਹੌਲੇ ਉਹ ਸਾਰੇ ਪੰਜਾਬੀ ਹੀ ਸਨ, ਜਿਨ੍ਹਾਂ ਸਦਾ ਹੀ ਆਪਣੀ ਪੱਗ ਪਾੜ ਕੇ ਦੂਜਿਆਂ ਦਾ ਸਿਰ ਢੱਕਿਆ ਸੀ। ਉਹ ਲੋਕਾਂ ਦੇ ਭਾਗੀਂ ਜੰਮੇ ਅਤੇ ਲੋਕਾਂ ਦੀ ਮੰਗੀ ਖੈਰ। ਆਪਣੇ ਅੰਬ ਵੱਢ ਕੇ ਅੱਕਾਂ ਨੂੰ ਵਾੜ ਦਿੱਤੀ। ਉਹਨਾਂ ਜਦ ਵੀ ਹੱਥ ਪਾਇਆ, ਆਪਣੇ ਹੀ ਗਲਮੇਂ ਨੂੰ।

ਆਪਣੇ ਹੀ ਖੇਤ ਨੂੰ ਅੱਗ ਲਾਈ ਅਤੇ ਆਪਣੇ ਹੀ ਖਿਲਵਾੜ ਸਾੜੇ। ਅਕੀਦਾ ਤਾਂ ਅੰਦਰ ਦੀ ਗੱਲ ਸੀ। ਬਾਹਰੋਂ ਤੇ ਅਸੀਂ ਇੱਕੋ ਹੀ ਘੁਮਿਆਰ ਦੇ ਬਣਾਏ ਇੱਕੋ ਹੀ ਆਵੀ ਵਿੱਚ ਪੱਕੇ ਸਾਂ। ਇੱਕੋ ਹੀ ਮਿੱਟੀ ਵਿੱਚ ਉੱਗਿਆ ਹੋਇਆ ਕਣਕ ਦਾ ਬੂਟਾ ਸੀ। ਕੀ ਹੋਇਆ ਜੇ ਸਿੱਟੇ ਵੱਖਰੇ-ਵੱਖਰੇ ਸਨ। ਦਾਣਿਆਂ ਨੂੰ ਪੀਹ ਕੇ ਆਟਾ ਬਣਾ ਲਈਏ ਤਾਂ ਵੱਖਰੇ ਨਹੀਂ ਹੋ ਸਕਦੇ। ਇੱਕੋ ਹੀ ਕੁੱਖ ਵਿਚੋਂ ਜਨਮ ਲੈਣ ਵਾਲਿਆਂ ਦਾ ਨਾਂ ਵੀ ਤੇ ਵੱਖਰਾ-ਵੱਖਰਾ ਹੁੰਦਾ ਏ। ਸਰਨਾਵਾਂ ਬਦਲ ਵੀ ਜਾਏ ਤਾਂ ਕੀ ਹੁੰਦਾ ਏ। ਮਜ਼ਮੂਨ ਤਾਂ ਇੱਕੋ ਹੀ ਸੀ। ਇੱਕੋ ਹੀ ਰੁੱਖ 'ਤੇ ਆਲ੍ਹਣੇ ਪਾਣ ਵਾਲੀਆਂ ਚਿੜੀਆਂ ਦਾ ਖ਼ਨਵਾਦਾ ਵੀ ਤੇ ਇੱਕੋ ਹੀ ਹੁੰਦਾ ਏ। ਪਰ ਕੀ ਕੀਤਾ ਜਾਏ, ਇੱਕੋ ਹੀ ਹੱਥ ਦੀਆਂ ਉਂਗਲਾਂ ਨੇ ਇੱਕ ਦੂਜੀ ਨੂੰ ਵੱਢ ਸੁੱਟਿਆ ਤੇ ਖੌਰੇ ਕਿਹੜਾ ਜੁੰਮੇ ਸ਼ਾਹ ਝੁੱਲ ਗਿਆ, ਇਕ ਹਨ੍ਹੇਰ ਪੈ ਗਿਆ। ਲੋਕਾਂ ਅੱਤ ਚੁੱਕ ਲਈ ਅਤੇ ਸਾਰੇ ਜਹਾਨ ਨੂੰ ਹੀ ਵਗ ਗਈਆਂ। ਵਿਹੜਾ ਹੀ ਡੈਣ ਹੋ ਗਿਆ। ਇਨਸਾਨੀਅਤ ਨੇ ਸ਼ਰੇਆਮ ਵਾਲ ਖੋਲ੍ਹ ਕੇ ਸਿਰ ਵਿੱਚ ਸੁਆਹ ਪਾ ਲਈ ਅਤੇ ਮੂੰਹ 'ਤੇ ਕਾਲਖ ਮਲ ਲਈ।

ਸੂਰਜ ਨਵੇਂ ਤੋਂ ਨਵਾਂ ਚੜ੍ਹਿਆ। ਸਾਵਣ ਭਾਦੋਂ ਦੇ ਸਿੱਲ੍ਹੇ ਮਹੀਨੇ ਵਿੱਚ ਮੇਰਾ ਪਿੰਡਾ ਪਿੱਤ ਨਾਲ ਭਰ ਗਿਆ ਤੇ ਬੇਬੇ ਨੇ ਗਾਚੀ ਮਲ ਕੇ ਬਾਹਰ ਕੱਢ ਦਿੱਤਾ। ਮੈਂ ਕੱਛੇ ਨੂੰ ਉੱਚਾ ਕਰਕੇ ਅਬਦੁਲ ਵਾਹਦ ਦੀ ਹਵੇਲੀ ਅੱਪੜਿਆ ਤੇ ਬਰਛੀਆਂ ਬਲਮਾਂ ਬਣਦੀਆਂ ਵੇਖਣ ਲੱਗ ਪਿਆ। ਵਿਹੰਦਿਆਂ-ਵਿਹੰਦਿਆਂ ਛੱਪੜੋਂ ਪਾਰ, ਕੱਲਰ ਵਿੱਚ ਲਹਿੰਦੇ ਵੱਲੋਂ, ਦੋ ਬੰਦੇ ਅੱਗੜ-ਪਿੱਛੜ ਦੌੜੇ ਜਾਂਦੇ ਵੇਖੇ। "ਫੜ ਲਉ, ਫੜ ਲਉ" ਹੋਣ ਲੱਗ ਪਈ। ਬਰਛੀਆਂ ਵਾਲੇ ਉੱਠ ਨੱਸੇ। ਮੇਰਾ ਦਿਲ ਕਰਦਾ ਸੀ ਸਾਰਿਆਂ ਮੂਹਰੇ ਮੈਂ ਹੋਵਾਂ। ਗੱਲ ਦਾ ਤਾਂ ਪਤਾ ਨਹੀਂ ਸੀ, ਪਰ ਇਹ ਗੱਲ ਜਾਨਣ ਲਈ ਬੜਾ ਕਾਹਲਾ ਸਾਂ ਕਿ ਹੋਣ ਕੀ ਲੱਗਾ ਏ ? ਨੇੜੇ ਪੁੱਜੇ ਤਾਂ ਵੇਖਿਆ ਕਿ ਅੱਗੇ-ਅੱਗੇ ਇਕ ਸਿੱਖ ਤੇ ਪਿੱਛੇ ਮੌਲਵੀ ਸੇਲ੍ਹਾ(ਇਸਮਾਈਲ), ਅੱਗੋਂ ਪਿੰਡ ਵਾਲੇ ਪੈ ਗਏ। ਸਾਰਿਆਂ ਤੋਂ ਅੱਗੇ ਅੰਮ੍ਰਿਤਸਰ (ਸ਼ਰੀਫ਼ਪੁਰੇ) ਤੋਂ ਜਾਨ ਬਚਾ ਕੇ ਸਾਡੇ ਪਿੰਡ ਗੁੱਜਰਾਂਵਾਲੀ ਆ ਜਾਣ ਵਾਲਾ ਮੇਰੀ ਮਾਮੀ ਝੰਡੋ ਦਾ ਗੱਭਰੂ ਭਰਾ ਰਫ਼ੀਕ ਸੀ। ਨੱਸਦਾ ਹੋਇਆ ਸਿੱਖ ਮੌਲਵੀ ਇਸਮਾਈਲ ਕੋਲੋਂ ਵਾਹਵਾ ਵਿੱਥ ਪਾ ਗਿਆ ਸੀ, ਪਰ ਰਫ਼ੀਕ ਅੱਗੋਂ ਦੀ ਹੋ ਕੇ ਟੱਕਰਿਆ। ਸਾਰੇ ਫਾਸਲੇ ਮੁੱਕ ਗਏ। ਉਸ ਵੇਲੇ ਮੌਤ ਦੇ ਪੈਂਡੇ ਬੜੀ ਛੇਤੀ ਮੁੱਕਦੇ ਸਨ। ਮੇਰੀ ਦੌੜ ਇਸ ਲਈ ਤਿੱਖੀ ਨਹੀਂ ਸੀ ਹੋਈ ਕਿ ਕਤਲ ਹੁੰਦਾ ਵੇਖਾਂ। ਕਤਲ ਦਾ ਤੇ ਮੈਂ ਸੋਚਿਆ ਵੀ ਨਹੀਂ ਸੀ। ਮੇਰਾ ਸ਼ੌਕ ਕੁਝ ਇੰਜ ਦਾ ਸੀ, ਜਿਵੇਂ ਕਿਸੇ ਚੋਰ ਨੂੰ ਫੜਨ ਦਾ ਤਮਾਸ਼ਾ ਵੇਖੀਦਾ ਏ। ਭੱਜੇ ਜਾਂਦੇ ਸਿੱਖ ਦੇ ਖੱਬੇ ਹੱਥ ਵਿੱਚ ਪੋਣੇ ਵਿੱਚ ਬੱਧੀ ਰੋਟੀ ਤੇ ਸੱਜੇ ਹੱਥ ਵਿਚ ਕਿਰਪਾਨ ਸੀ। ਉਸ ਵਿਚਾਰੇ ਨੇ ਬੜਾ ਚਾਰਾ ਮਾਰਿਆ ਕਿ ਮੌਤ ਨੂੰ ਡਾਹ ਨਾ ਦੇਵੇ, ਪਰ ਰਫ਼ੀਕ ਉਸ ਨੂੰ ਜਾ ਮਿਲਿਆ। ਮੈਂ ਰਫ਼ੀਕ ਤੋਂ ਦਸ ਕੁ ਕਦਮ ਪਿੱਛੇ ਸਾਂ, ਦੌੜੇ ਜਾਂਦੇ ਸਿੱਖ ਨੇ ਜਾਂਚ ਲਿਆ ਕਿ ਅੱਜ ਉਹ ਜ਼ਿੰਦਗੀ ਦੀ ਦੌੜ ਹਾਰ ਗਿਆ ਹੈ ਅਤੇ ਉਸ ਦੇ ਪੈਰਾਂ ਕੋਲੋਂ ਹਯਾਤੀ ਨਹੀਂ ਬਚਾਈ ਜਾਣੀ। ਉਹ ਨਿਮਾਣਿਆਂ ਵਾਂਗ ਖੜੋ ਗਿਆ ਅਤੇ ਦੋਵੇਂ ਹੱਥ ਰਫ਼ੀਕ ਅੱਗੇ ਜੋੜ ਦਿੱਤੇ। ਕਿਸੇ ਕੰਮ ਨਾ ਆਏ ਉਸ ਦੇ ਹੱਥ। ਮੌਤ ਉਸ ਨਾਲ ਦੋ ਹੱਥ ਕਰ ਗਈ। ਜ਼ੁਲਮ ਦੇ ਬੋਲੇ ਕੰਨਾਂ ਨੇ ਉਸ ਦਾ ਕੋਈ ਤਰਲਾ ਨਾ ਸੁਣਿਆ ਅਤੇ ਅੰਨੀਆਂ ਅੱਖਾਂ ਨੇ ਉਸ ਦੇ ਜੋੜੇ ਹੋਏ ਹੱਥ ਨਾ ਵੇਖੇ। ਬਰਛੀ ਉਸ ਦੇ ਢਿੱਡ ਵਿੱਚ ਖੁੱਭ ਗਈ ਤੇ ਉਹ ਗੋਡਿਆਂ ਪਰਨੇ ਡਿੱਗ ਪਿਆ। ਜ਼ਿੰਦਗੀ ਨੇ ਇਕ ਹੋਰ ਆਸ ਲਾਈ ਤੇ ਉਸ ਨੇ ਬਗਲ ਨਾਲ ਮਿਆਨ ਨੂੰ ਨੱਪਿਆ ਤੇ ਤਲਵਾਰ ਖਿੱਚੀ, ਏਨੇ ਚਿਰ ਵਿੱਚ ਇਕ ਹੋਰ ਬਰਛੀ ਵੱਜੀ ਤੇ ਮੌਤ ਨੇ ਸਾਹ ਦੀ ਡੋਰੀ ਖਿੱਚ ਲਈ। ਮੈਂ ਬੜਾ ਹੀ ਨੇੜੇ ਖਲੋ ਕੇ ਮੌਤ ਦੀ ਇਸ ਖੇਡ ਨੂੰ ਵੇਖਿਆ। ਸਾਹ ਕਿਵੇਂ ਨਿਕਲਦੇ ਨੇ ਮੈਂ ਵੇਖ ਕੇ ਸਾਹ ਘੁੱਟ ਲਿਆ। ਦਿਲ ਦੀ ਅੱਖੜ ਭੋਇੰ ਵਿਚ ਅੱਤਿਆਚਾਰ ਦੀ ਪਹਿਲੀ ਸੂਲ ਬੀਜੀ ਗਈ ਤੇ ਕੋਈ ਉੱਜੜਿਆ-ਪੁੱਜੜਿਆ ਕਰੀਰ ਉੱਗ ਆਇਆ। ਖੌਰੇ ਇਸੇ ਹੀ ਕਰਕੇ ਅੱਜ ਤੱਕ ਆਪਣੇ ਹਿਰਦੇ ਦੀ ਕਿਸੇ ਵੀ ਬਟੀਰੀ ਉੱਤੇ ਮੈਂ ਕਦੀ ਖਿੜਦਾ ਹੋਇਆ ਗੁਲਾਬ ਨਾ ਬੀਜ ਸਕਿਆ। ਮੌਤ ਨੂੰ ਅੱਖੀਆਂ ਵਿੱਚ ਰੱਖ ਕੇ ਮੋਤੀਏ ਦੀ ਹਰ ਕਲੀ ਤੋਂ ਮੂੰਹ ਫੇਰ ਲਿਆ। ਮੈਂ ਸੱਤਾਂ ਹੀ ਸਾਲਾਂ ਦਾ ਬਾਬਾ ਬਣ ਗਿਆ। ਮੈਨੂੰ ਡਿੱਗੇ ਹੋਏ ਬਿਜੜੇ ਅਤੇ ਤੀਲਾ-ਤੀਲਾ ਹੋਏ ਆਲ੍ਹਣੇ ਚੰਗੇ ਲੱਗਣ ਲੱਗ ਪਏ। ਉੱਚਿਆਂ ਚੁਬਾਰਿਆਂ ਨੂੰ ਛੱਡ ਕੇ ਕਿਸੇ ਥੇਹ ਉੱਤੇ ਬਹਿ ਕੇ ਅਨੰਦ ਆਇਆ ਕਰੇ। ਅੱਧੀ ਰਾਤ ਨੂੰ ਦੂਰ ਕਿਧਰੇ ਬੋਲਦੀ ਟਟੀਰੀ ਕੰਨਾਂ ਨੂੰ ਚੰਗੀ ਲੱਗੀ। ਹੜ੍ਹ ਦੇ ਪਾਣੀ ਵਿੱਚ ਰੁੜ੍ਹਦੇ ਹੋਏ ਰੁੱਖ ਉੱਤੇ ਇਕ ਲੱਤ ਉੱਤੇ ਖਲੋਤਾ ਬਗਲਾ ਸੋਹਣਾ ਲੱਗਾ। ਮੈਂ ਮੰਦਾ ਹੁੰਦਾ ਵੇਖਿਆ ਅਤੇ ਮੁੜ ਕੋਈ ਵੀ ਚੰਗੀ ਸ਼ੈਅ ਚੰਗੀ ਨਾ ਲੱਗੀ।

ਕੀ ਵਿਗਾੜਿਆ ਸੀ ਉਸ ਸਿੱਖ ਨੇ? ਕਿਵੇਂ ਭੁੱਲ ਜਾਵਾਂ ਉਸ ਦੇ ਜੋੜੇ ਹੋਏ ਹੱਥਾਂ ਨੂੰ ? ਮੈਨੂੰ ਅੱਜ ਵੀ ਦਿਸਦੀ ਏ, ਉਸ ਦੀ ਬਸੰਤੀ ਪੱਗ ਤੇ ਹੱਥ ਵਿੱਚ ਕੜਾ। ਮੈਂ ਮੋਟੀ ਸਾਰੀ ਗਾਲ੍ਹ ਕੱਢੀ ਮੁਸਲਮਾਨਾਂ ਨੂੰ। ਹੱਥ ਵਿੱਚ ਫੜੀ ਤੱਕੜੀ ਦੇ ਦੂਸਰੇ ਛਾਬੇ ਨੂੰ ਇਕ ਵਾਰ ਫਿਰ ਪਾਸਕੂ ਬੰਨ੍ਹ ਕੇ ਵੇਖਿਆ। ਜ਼ੁਲਮ ਦੇ ਸਾਰੇ ਵੱਟੇ ਮੇਰੀ ਮਾਸੂਮ ਜਿਹੀ ਰੂਹ ਦੀ ਤੱਕੜੀ ਦੀਆਂ ਨਸਾਂ ਤੋੜਨ ਲੱਗ ਪਏ। ਨਿਆਂ ਦੀ ਡੰਡੀ ਫਿਰ ਛੁੱਟ ਗਈ। ਉਸ ਨੂੰ ਮੇਰੇ ਸਾਮ੍ਹਣੇ ਬਰਛੀਆਂ ਨਾਲ ਮਾਰ ਸੁੱਟਿਆ ਸੀ। ਜ਼ਿੰਦਗੀ ਲਈ ਹੱਥ ਵੀ ਜੋੜੇ। ਸਾਹ ਏਨੇ ਸਸਤੇ ਹੋ ਜਾਣ ਤੇ ਹੱਥਾਂ ਦਾ ਕੌਣ ਮੁੱਲ ਪਾਉਂਦਾ ਏ ? ਉਸਦਾ ਲੀੜਾ ਲੱਤਾ ਫੋਲਿਆ ਤਾਂ ਬੋਝੇ ਵਿੱਚੋਂ ਸਤਾਰਾਂ ਸੌ ਰੁਪਏ ਨਿਕਲੇ। ਪੋਣੇ ਵਿੱਚ ਬੱਧੀ ਰੋਟੀ ਅਤੇ ਛੰਨੇ ਵਿੱਚ ਪਿਆ ਸਲੂਣਾ ਪਰ੍ਹਾਂ ਡੁੱਲ੍ਹਿਆ ਪਿਆ ਸੀ। ਉਸ ਸ਼ੋਹਦੇ ਦੀ ਭਾਲ ਕੀਤੀ ਤਾਂ ਉਹ ਭੂਰੇ ਗਿੱਲਾਂ ਦਾ ਜੱਟ ਸੀ, ਜਿਹੜਾ ਅਜਨਾਲੇ ਹਸਪਤਾਲ ਵਿਚ ਦਾਖਿਲ ਆਪਣੇ ਬਿਮਾਰ ਪੁੱਤਰ ਦੀ ਰੋਟੀ ਲੈ ਕੇ ਚੱਲਿਆ ਸੀ। ਆਪਣੀ ਤੀਵੀਂ ਕੋਲੋਂ ਸਤਾਰਾਂ ਸੌ ਰੁਪਏ ਲੈ ਕੇ ਪੱਲੇ ਬੰਨ੍ਹ ਲਏ ਸਨ, ਮਤੇ ਰਾਤੀਂ ਪਿੰਡ ਵਿੱਚ ਕਿਧਰੇ ਹਮਲਾ ਨਾ ਹੋ ਜਾਏ। ਇਸ ਲਈ ਪੈਸੇ ਨਾਲ ਲੈ ਜਾਵਾਂ। ਤੁਰਨ ਲੱਗਿਆਂ ਉਸ ਦੀ ਜਨਾਨੀ ਨੇ ਇਹ ਵੀ ਆਖਿਆ ਸੀ ਕਿ ਤੂੰ

ਗੁੱਜਰਾਂਵਾਲੀ ਥਾਣੀਂ ਲੰਘ ਕੇ ਜਾਈਂ। ਉਸ ਪਿੰਡ ਦੇ ਲੋਕ ਭਲੇਮਾਣਸ ਨੇ। ਉਹ ਵਿਚਾਰਾ ਭਲੇ ਮਾਣਸਾਂ ਹੱਥੋਂ ਹੀ ਕਤਲ ਹੋਇਆ।

ਉਸੇ ਰਾਤ ਪਿੰਡ ਵਿੱਚ ਇਕੱਠ ਹੋਇਆ ਤੇ ਸਤਾਰਾਂ ਸੌ ਰੁਪਏ ਮਸੀਤ ਉੱਤੇ ਵਰਤਣ ਦਾ ਫੈਸਲਾ ਕੀਤਾ ਗਿਆ। ਇਹ ਅਮਾਨਤ ਚੌਧਰੀ ਜਾਲੋ(ਜਲਾਲੁਦੀਨ) ਨੂੰ ਫੜਾਈ ਗਈ। ਜਿਸ ਨੇ ਪਾਕਿਸਤਾਨ ਪੁੱਜ ਕੇ ਖਿਆਨਤ ਕੀਤੀ ਤੇ ਮਸੀਤ ਮੂੰਹ ਹੀ ਵੇਖਦੀ ਰਹਿ ਗਈ। ਅੱਜ ਤੇ ਜਾਲੋ ਨੂੰ ਮਰੇ ਹੋਏ ਨੂੰ ਚਾਲੀ ਵਰ੍ਹੇ ਹੋ ਗਏ ਨੇ। **'ਜਿੱਥੇ ਗਈਆਂ ਬੇੜੀਆਂ ਉੱਥੇ ਗਏ ਮਲਾਹ।'**

ਜਿਹੜੇ ਦਿਹਾੜੇ ਭਲੇਮਾਣਸਾਂ ਨੇ ਸਿੱਖ ਮਾਰਿਆ, ਉਸ ਰਾਤ ਕੋਈ ਨਾ ਸੁੱਤਾ। ਆਪਣੀਆਂ ਨੀਂਦਾਂ ਆਪੇ ਹਰਾਮ ਕਰ ਲਈਆਂ, ਸੁੱਤੀ ਕਲਾ ਜਗਾਈ ਅਤੇ ਆਪ ਹੀ ਮੌਤ ਨੂੰ ਵਾਜਾਂ ਮਾਰੀਆਂ। ਲੋਕ ਡਰਦੇ ਮਾਰੇ ਕੋਠਿਆਂ ਤੇ ਸੌਣ ਲੱਗ ਪਏ ਤੇ ਮੌਤ ਦੇ ਛਡਾਵੇ ਹਰ ਪਾਸੇ ਨੱਚਣ ਲੱਗ ਪਏ। ਕੁਝ ਭਲੇ-ਮਾਣਸਾਂ ਨੇ ਇਸ ਹੱਤਿਆ ਦੀ ਪੁੱਜ ਕੇ ਨਿੰਦਿਆ ਵੀ ਕੀਤੀ, ਪਰ ਉਸ ਲਾਲ ਹਨੇਰੀ ਵਿੱਚ ਭਲੇ-ਮਾਣਸ ਤੇ ਭਲਾ ਕਰਨ ਵਾਲਿਆਂ ਦੀ ਕੀ ਵੱਟਤ ਸੀ ?

'ਮੰਦੀ ਕੰਮੀਂ ਨਾਨਕਾ ਜਦ ਕਦ ਮੰਦਾ ਹੋਏ'

ਵਾਹੀਆਂ ਉਡਾਈਆਂ, ਦੁਹਾਈ ਫਿਰ ਗਈ, "ਪਈ ਸਿੱਖਾਂ ਆਖਿਆ ਏ, ਗੁੱਜਰਾਂਵਾਲੀ ਤੋਂ ਬਦਲਾ ਜ਼ਰੂਰ ਲੈਣਾ ਏ।" ਹਰ ਬੰਦਾ ਆਪਣੇ ਪਰਛਾਵੇਂ ਕੋਲੋਂ ਡਰਨ ਲੱਗ ਪਿਆ। ਲਾਗੇ ਚਾਗੇ ਸਿੱਖਾਂ ਦੇ ਪਿੰਡ ਭੂਰੇ ਗਿੱਲ, ਹਰੜ, ਚੀਮੇ ਅਤੇ ਚਮਿਆਰੀ ਵਾਲਿਆਂ ਨੇ ਮੜਾਸੇ ਵਲ ਲਏ। ਪਿੰਡ ਵਿੱਚ ਵਾਹਰ ਪੈ ਗਈ। ਮਾਹਰ ਸ਼ਾਹ ਪੁਰੀਏ ਦੀ ਇਤਲਾਹ ਮੁਜਬ ਗੁੱਜਰਾਂਵਾਲੀ ਤੇ ਹਮਲਾ ਹੋ ਜਾਣਾ ਏ। ਜਨਾਨੀਆਂ ਬਾਲਾਂ ਨੂੰ ਹਿੱਕ ਨਾਲ ਲਾ ਕੇ ਰੋਣ ਲੱਗ ਪਈਆਂ। ਵੱਡੇ ਵਡੇਰਿਆਂ ਇਸ ਗੱਲ ਨੂੰ ਬੇਗੁਨਾਹ ਦਾ ਕਤਲ ਮਿਥਿਆ। ਮਾਮੇ ਖੁਦਾ ਬਖ਼ਸ਼ ਨੇ ਮਸੀਤ ਦੀ ਖੂਹੀ ਦੀ ਮਣ ਤੇ ਚੜ੍ਹ ਕੇ ਆਖਿਆ, "ਉਏ ! ਹੁਣ ਹੱਥਾਂ ਨਾਲ ਦਿੱਤੀਆਂ ਮੂੰਹ ਨਾਲ ਖੋਲ੍ਹਣੀਆਂ ਪੈਣਗੀਆਂ। ਕੀ ਖੱਟਿਆ ਜੇ ਬੇਗੁਨਾਹ ਨੂੰ ਮਾਰ ਕੇ?" ਪਿੰਡ ਵਿੱਚ ਦੌੜ-ਭੱਜ ਪੈ ਗਈ ਅਤੇ ਪਿੰਡ ਛੱਡ ਕੇ ਰਾਵੀ ਵੱਲ ਚਲਾਣਾ ਕਰਨ ਦਾ ਮਤਾ ਪਕਾ ਲਿਆ। ਮੇਰੀ ਜੰਮਣ ਭੋਇੰ 'ਤੇ ਖਲੋ ਕੇ ਵੇਖਣ ਵਾਲਾ ਅੱਜ ਆਖਰੀ ਸੂਰਜ ਸਾਰੇ ਦਿਨ ਦਾ ਪੈਂਡਾ ਮੁਕਾ ਚੁੱਕਿਆ ਸੀ। ਇਹ ਲਹੂ ਵਰਗੀ ਲਾਲੀ ਭਰਿਆ ਸੂਰਜ ਹੁਣੇ ਡੁੱਬ ਜਾਵੇਗਾ। ਇਸ ਦੇ ਪਿੱਛੋਂ ਕੋਈ ਵੀ ਅਜਿਹਾ ਸੂਰਜ ਨਹੀਂ ਚੜ੍ਹੇਗਾ, ਜਿਸ ਨੂੰ ਮੈਂ ਆਪਣੀ ਜੰਮਣ ਭੋਇੰ ਤੇ ਖਲੋ ਕੇ ਵੇਖਾਂਗਾ। ਅੱਜ ਮੈਂ ਆਪਣੀ ਹੀ ਮਿੱਟੀ ਨਾਲੋਂ ਵੱਖ ਹੋ ਰਿਹਾ ਸਾਂ। ਛੱਡ ਰਿਹਾ ਸਾਂ, ਆਪਣੀ ਮਾਂ ਦੀ ਉਂਗਲ। ਬੇਗਾਨੇ ਹੋ ਰਹੇ ਸਨ ਵੇਹੜੇ ਤੇ ਬਰੂਹਾਂ। ਗਵਾਚ ਚੱਲਿਆ ਸੀ ਮੇਰਾ ਬਾਲਪਣ, ਜਿਹੜਾ ਇਸ ਮਿੱਟੀ ਵਿੱਚ ਘਰ ਬਣਾ ਕੇ ਖੇਡਦਾ ਸੀ। ਰੁੱਸ ਚੱਲੀਆਂ ਸਨ, ਉਹ ਗਲੀਆਂ ਜਿਨ੍ਹਾਂ ਵਿੱਚ ਹਾਣੀਆਂ ਨਾਲ ਖੇਡਿਆ ਸੀ। ਰੋ ਪਏ ਸਨ ਉਹ ਰੁੱਖ, ਜਿਨ੍ਹਾਂ ਦੀਆਂ ਛਾਵਾਂ ਥੱਲੇ ਅਸੀਂ ਇੱਕੋ ਹਾਣ ਦੇ ਮੁੰਡੇ ਕੁੜੀਆਂ ਦੁਪਹਿਰੇ ਧੁਮੱਚੜੀ ਮਚਾਂਦੇ ਸਾਂ। ਅੱਖਾਂ ਵਿੱਚ ਹੰਝੂ ਭਰ ਕੇ ਸੈਣਤਾਂ ਮਾਰਦੇ ਸਨ ਉਹ ਬਨੇਰੇ, ਜਿਨ੍ਹਾਂ ਉੱਤੇ ਲੱਤਾਂ ਲਮਕਾ ਕੇ ਬੈਠਦੇ ਸਾਂ ਕਦੀ।

ਲੋਕ ਵੇਲਾ ਸੰਭਾਲਣ ਲੱਗ ਪਏ। ਸਦੀਆਂ ਦੇ ਵਸੇਬੇ ਕੀਤੇ, ਭਰਿਆਂ ਘਰਾਂ ਵਿੱਚੋਂ ਕੀ ਚੁੱਕਣਾ ਤੇ ਕੀ ਛੱਡਣਾ ਸੀ। ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਆਪਣੀ ਮਿੱਟੀ ਨੂੰ ਸਲਾਮ ਕਰਕੇ ਅੱਜ ਛੱਡ ਦੇਣਾ ਸੀ।

ਕੀ ਰਹਿ ਜਾਂਦਾ ਏ ਜਜ਼ਬਾਤ ਦੇ ਪੱਲੇ, ਜਦੋਂ ਬੰਦੇ ਨੂੰ ਜੰਮਣ ਭੋਇੰ ਸਾਰੀ ਹਯਾਤੀ ਲਈ ਛੱਡਣੀ ਪਵੇ।

ਮਾਂ ਨੇ ਦੋ ਬੋਰੀਆਂ ਵਿਚ ਨਿੱਕ ਸੁੱਕ ਜਿਹਾ ਪਾਇਆ ਤੇ ਮੱਝ ਉੱਤੇ ਲੱਦ ਲਿਆ।

ਮੈਂ ਆਪਣੀ ਚੀਨੀ ਕੁੱਕੜੀ ਤੇ ਬੱਗੇ ਕੁੱਕੜ ਨੂੰ ਇੱਕ ਰੱਸੀ ਨਾਲ ਬੰਨ੍ਹ ਕੇ ਆਪਣੇ ਮੋਢੇ 'ਤੇ ਲਮਕਾ ਲਿਆ। ਕੰਧ ਉੱਤੇ ਬੈਠੀ ਬਿੱਲੀ ਨੂੰ ਖੌਰੇ ਕੀ ਸੁੱਝੀ, ਮੇਰੇ ਵੱਲ ਵੇਖ ਕੇ ਮਿਆਊਂ-ਮਿਆਊਂ ਕੀਤਾ। ਪਰ ਮਾਂ ਨੇ ਆਖਿਆ, "ਵੇ ਪੁੱਤਰ ! ਇਸ ਨੂੰ ਇੱਥੇ ਹੀ ਰਹਿਣ ਦੇ, ਇਹ ਸਾਡੇ ਨਾਲ ਕਿੱਥੇ ਧੱਕੇ ਖਾਵੇਗੀ ?"

ਮੈਂ ਉਸ ਦੇ ਸਿਰ ਨੂੰ ਫੜ ਕੇ ਚੁੰਮਿਆ, ਮੈਂ ਉਸ ਦੀ ਗਲ ਪਈ ਘੁੰਗਰੀ ਨੂੰ ਹੱਥ ਲਾ ਕੇ ਆਖਿਆ, "ਮਾਣੋ ! ਤੂੰ ਮੈਨੂੰ ਉਡੀਕਦੀ ਰਵ੍ਹੀਂ, ਮੈਂ ਕਿਸੇ ਦਿਹਾੜੇ ਆ ਕੇ ਤੈਨੂੰ ਲੈ ਜਾਵਾਂਗਾ।" ਪਰ ਉਹ ਦਿਹਾੜਾ ਕਦੀ ਨਾ ਆਇਆ।

ਸੂਰਜ ਹੋਰ ਲਾਲੀ ਫੜੀ ਜਾਂਦਾ ਸੀ। ਮੌਤ ਦੇ ਪਰਛਾਵੇਂ ਲੰਮੇ ਹੁੰਦੇ ਜਾਂਦੇ ਸਨ। ਸਾਡੀ ਗੁਆਂਢਣ ਬਸੀਰਾਂ ਬਰਵਾਲੀ ਨੇ ਬੇਬੇ ਨੂੰ ਮੌਤ ਦਾ ਚੇਤਾ ਕਰਵਾਉਂਦਿਆਂ ਆਖਿਆ, "ਮਾਸੀ ਨਿਕਲਣ ਦਾ ਚਾਰਾ ਕਰੋ, ਹਨ੍ਹੇਰਾ ਹੋ ਗਿਆ ਤਾਂ ਹਨ੍ਹੇਰ ਪੈ ਜਾਣਾ ਜੇ।" ਸਾਰੇ ਪਿੰਡ ਨੇ ਮਸੀਤ ਕੋਲ ਇਕੱਠੇ ਹੋ ਕੇ ਜਥਾ ਬਣਾਉਣਾ ਸੀ। ਦੂਜੀ ਗੁਆਂਢਣ ਬੇਬੇ ਦੀ ਸਹੇਲੀ ਬੇਗਮ ਬੀਬੀ ਸੌਦਾ ਸੂਤ ਬੰਨ੍ਹ ਕੇ ਸਕੀਨਾ ਅਤੇ ਫੀਕੇ ਨੂੰ ਹਿੱਕ ਨਾਲ ਲਾ ਕੇ ਭੁੱਬਾਂ ਮਾਰ-ਮਾਰ ਰੋਈ ਜਾਂਦੀ ਸੀ। ਉਸ ਦੇ ਸੀਨੇ ਉੱਤੇ ਇੱਕ ਅਸਚਰਜ ਹੀ ਫੱਟ ਸੀ। ਉਸ ਦਾ ਖ਼ਾਵੰਦ ਹੁਸੈਨ ਕਈ ਚਿਰਾਂ ਤੋਂ ਮੰਜੀ ਨਾਲ ਮੰਜੀ ਹੋਇਆ ਪਿਆ ਸੀ। ਨਾ ਉਹ ਟੁਰਨ ਜੋਗਾ ਤੇ ਨਾ ਕੋਈ ਉਸਨੂੰ ਚੁੱਕਣ ਜੋਗਾ। ਜਵਾਨ ਧੀ ਸਕੀਨਾ ਨੇ ਪਿਓ ਦੇ ਪੈਰ ਫੜ੍ਹ ਕੇ ਅੱਖਾਂ ਨਾਲ ਲਾਏ ਤੇ ਪਾਣੀ ਪਰਨਾਲਿਆਂ ਤੋਂ ਬਾਹਰ ਵਗਣ ਲੱਗ ਪਿਆ। ਹੁਸੈਨ ਨੇ ਆਉਂਦੀ ਮੌਤ ਤੇ ਜਾਂਦੀ ਜ਼ਿੰਦਗੀ ਦੀ ਮੂਰਤ ਵੇਖੀ ਤੇ ਬੜੇ ਹੀ ਨਿਮਾਣੇ ਜਿਹੇ ਦੋ ਅੱਥਰੂ ਉਸ ਦੀਆਂ ਅੱਖਾਂ ਵਿੱਚੋਂ ਕਿਰ ਗਏ।

ਡੁੱਬਦਾ ਸੂਰਜ, ਸ਼ੂਕਦੀ ਮੌਤ, ਛੁੱਟਦੀ ਜੰਮਣ ਭੋਇੰ, ਜ਼ਿੰਦਗੀ ਦੇ ਵਿਛੋੜੇ ਅਤੇ ਆਉਣ ਵਾਲੇ ਕੱਲ੍ਹ ਦਾ ਖੌਫ਼। ਕਿੱਥੋਂ ਲਿਆਵੇ ਕੋਈ ਏਡਾ ਜੇਰਾ !

ਮੈਂ ਕੰਧ ਥਾਣੀਂ ਝਾਤੀ ਮਾਰੀ ਤੇ ਲੰਮੇ ਪਏ ਹੁਸੈਨ ਨੇ ਆਪਣੇ ਪੁੱਤਰ ਫੀਕੇ(ਰਫ਼ੀਕ) ਨੂੰ ਲੰਮੀ ਜਿਹੀ ਜੱਫੀ ਪਾ ਕੇ ਚੁੰਮਿਆ। ਇੱਕੋ ਇੱਕ ਪੁੱਤਰ ਸੀ, ਜਿਸ ਨੂੰ ਹੁਸੈਨ ਬੜੇ ਆਹਰ ਨਾਲ ਧਾਰਾਂ ਦਿੰਦਾ ਹੁੰਦਾ ਸੀ।

ਬੜੇ ਲਾਡ ਨਾਲ ਪਾਲਿਆ ਸੀ, ਉਸ ਨੇ ਫੀਕੇ ਨੂੰ। ਬੇਗ਼ਮ ਨੇ ਖਿੱਚ ਕੇ ਫੀਕੇ ਨੂੰ ਹੁਸੈਨ ਕੋਲੋਂ ਵੱਖ ਕੀਤਾ ਤੇ ਹੁਸੈਨ ਨੇ ਬੜਾ ਹੀ ਚਿਰ ਹਵਾ ਵਿਚ ਹੱਥ ਅੱਡੀ ਰੱਖੇ।

ਪਰ੍ਹਾਂ ਝਾਤੀ ਮਾਰੀ ਤਾਂ ਬਰਛੀਆਂ ਬਲਮਾਂ ਵਾਲੇ ਘਾਤ ਲਾਈ ਬੈਠੇ ਸਨ। ਅਜੇ ਘਰਾਂ ਵਾਲੇ ਘਰ ਵੀ ਨਹੀਂ ਸਨ ਖਾਲੀ ਕਰਦੇ ਤੇ ਝੋਲੀਆਂ ਭਰਨ ਵਾਲੇ ਅੰਦਰ ਵੜ ਕੇ ਲੁੱਟ ਮਾਰ ਸ਼ੁਰੂ ਕਰ ਦੇਂਦੇ ਸਨ।

ਮੇਰੀ ਮਾਂ ਨੇ ਵਾਜ ਮਾਰ ਕੇ ਆਖਿਆ, "ਨੀਂ ਬੇਗੋ (ਬੇਗ਼ਮ) ਪਿੰਡ ਤੇ ਖਾਲੀ ਹੋ ਗਿਆ ਏ, ਨਿਕਲਣ ਵਾਲੀ ਗੱਲ ਕਰੋ।" ਬੇਗੋ ਆਪਣੀ ਧੀ-ਪੁੱਤਰ, ਸਕੀਨਾ ਤੇ ਫੀਕੇ ਨੂੰ ਲੈ ਕੇ ਅਜੇ ਬਰੂਹਾਂ ਹੀ ਟੱਪੀ ਸੀ ਕਿ ਸਾਈਂ ਅੰਦਰ ਆਣ ਵੜੇ। ਸਾਡੇ ਤੇ ਬੇਗੋ ਦੇ ਘਰ ਵਿਚ ਕੰਧ ਦੀ ਉਚਾਈ ਬੰਦਾ-ਬੰਦਾ ਹੀ ਸੀ। ਅਸਾਂ ਸਾਰਿਆਂ ਨੇ ਬੇਗੋ ਦੇ ਘਰ ਝਾਤੀ ਮਾਰੀ। ਮੈਂ ਇਕ ਅਜੇਹੀ ਫੋਟੋ ਵੇਖੀ ਜਿਹੜੀ ਮੇਰੀਆਂ ਅੱਖਾਂ ਨੇ ਆਪਣੀਆਂ ਪੁਤਲੀਆਂ ਵਿੱਚ ਅੱਜ ਵੀ ਉਸੇ ਹੀ ਤਰ੍ਹਾਂ ਸੰਭਾਲ ਕੇ ਰੱਖੀ ਹੋਈ ਹੈ। ਮੰਜੀ ਉੱਤੇ ਪਏ ਅੱਧ ਮੋਏ ਹੁਸੈਨ ਨੂੰ ਇਕ ਖੱਟੀ ਪੱਗ ਵਾਲੇ, ਕਾਲੇ ਜਿਹੇ ਸਿੱਖ ਨੇ ਧੌਣ 'ਤੇ ਗਾਤਰਾ ਮਾਰਿਆ ਤੇ ਬਹਾਦਰਾਂ ਵਿਚ ਆਪਣਾ ਨਾਂ ਲਿਖਵਾ ਲਿਆ। ਸਕੀਨਾਂ ਨੇ ਚੀਕ ਮਾਰੀ, ਪਰ ਬੇਗੋ ਨੇ ਉਸਦੇ ਮੂੰਹ ਉੱਤੇ ਹੱਥ ਰੱਖ ਕੇ ਉਸ ਨੂੰ ਆਪਣੇ ਪਿਓ ਦੀ ਮੌਤ ਉੱਤੇ ਖੁੱਲ੍ਹ ਕੇ ਰੋਣ ਵੀ ਨਾ ਦਿੱਤਾ। ਫੀਕਾ ਆਪਣੀ ਬੇਬੇ ਨੂੰ ਚੰਬੜ ਗਿਆ।

ਮੈਨੂੰ ਸਿੱਖ ਬੜੇ ਮੰਦੇ ਲੱਗੇ। ਮੈਂ ਮੰਦਾ ਬੋਲਿਆ ਦੋਹਾਂ ਪੰਜਾਬੀਆਂ ਨੂੰ ਤੱਕੜੀ ਵਿਚ ਪਾਇਆ, ਪਰ ਨਿਆਂ ਨਾ ਕਰ ਸਕਿਆ।

ਮੇਰੀ ਬੇਬੇ ਨੇ ਬੂਹੇ ਨੂੰ ਜਿੰਦਰਾ ਮਾਰਿਆ। ਖੌਰੇ ਕੀ ਪੜ੍ਹ ਕੇ ਸਾਰੇ ਘਰ 'ਤੇ ਫੂਕ ਮਾਰੀ। ਬੀਬੀ ਨੂੰ ਆਖਿਆ, "ਨੀਂ! ਚੁੱਲ੍ਹੇ ਤੇ ਤਵਾ ਮੂਧਾ ਮਾਰ ਦੇ, ਕਦੇ ਮੀਂਹ ਹੀ ਪੈ ਜਾਦੈਂ।" -ਮਾਂ ਉਸ ਚੁੱਲ੍ਹੇ ਦੇ ਭਿੱਜ ਜਾਣ ਦੀ ਫ਼ਿਕਰ ਕਰਦੀ ਸੀ, ਜਿਸ ਚੁੱਲ੍ਹੇ 'ਤੇ ਮਾਂ ਨੇ ਫਿਰ ਕਦੀ ਵੀ ਰੋਟੀ ਨਹੀਂ ਸੀ ਪਕਾਣੀ।

ਘਰੋਂ ਨਿਕਲੇ ਤਾਂ ਚੌਂਤਰੇ ਦੀ ਕੰਧ ਉੱਤੇ ਬੈਠੀ ਹੋਈ ਆਪਣੀ ਮਾਣੋ ਦਾ ਮੂੰਹ ਇਕ ਵਾਰ ਫਿਰ ਚੁੰਮਿਆ। ਉਸ ਨੇ ਅੱਗੋਂ ਹੌਲੀ ਜਿਹੀ ਮਿਆਊਂ ਕੀਤਾ, ਖੌਰੇ ਕੀ ਆਖਦੀ ਸੀ ?

ਅਸੀਂ ਹੰਝੂਆਂ ਵਿਚ ਡੁੱਬੀਆਂ ਅੱਖਾਂ ਨਾਲ ਪਿੰਡ ਨੂੰ ਛੱਡ ਰਹੇ ਸਾਂ ਤੇ ਲਾਲ ਸੂਹਾ ਲਹੂ ਵਿੱਚ ਡੁੱਬਿਆ ਸੂਰਜ, ਸਾਨੂੰ ਆਖ਼ਰੀ ਸਲਾਮ ਕਰ ਕੇ ਡੁੱਬ ਗਿਆ।

(ਦੂਜੀ ਕਿਸ਼ਤ ਪ੍ਰਾਪਤ ਨਹੀਂ ਹੋ ਸਕੀ ਪਾਠਕ ਮੁਆਫ਼ ਕਰਨ)

47 ਦੀ ਵੰਡ ਬਾਰੇ **"ਹੁੰਦਾ ਨ੍ਹਈਂ ਨਿਆਂ"** ਦੀ ਤੀਜੀ ਲੜੀ ਨੂੰ ਆਪਣੇ ਹੰਝੂਆਂ ਦੀ ਲੜੀ 'ਚ ਪਰੋ ਕੇ ਪੇਸ਼ ਕਰ ਰਿਹਾ ਹਾਂ। ਕੋਸ਼ਿਸ਼ ਕਰਾਂਗਾ ਕਿ ਇਕਸਾਰਤਾ ਕਾਇਮ ਰਹਿ ਸਕੇ। ਕਿਉਂਕਿ ਮੈਂ 47 ਨੂੰ ਸਭ ਵਰ੍ਹੇ ਹੰਡਾਇਆ ਹੈ।

ਪਿਛਲੀ ਲੜੀ 'ਚ ਦੱਸ ਚੁੱਕਾ ਹਾਂ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਗੁੱਜਰਾਂਵਾਲੀ ਤੋਂ ਨਿਕਲ ਕੇ ਦਰਿਆ ਰਾਵੀ ਦੇ ਕੰਡੇ ਅੱਜ ਚੌਥੇ ਦਿਹਾੜੇ ਦਾ ਸੂਰਜ ਵੀ ਪੰਜਾਬੀ ਸੂਰਮਿਆਂ ਦੀ ਬਹਾਦਰੀ ਵੇਖ ਕੇ ਉਨ੍ਹਾਂ ਦੇ ਲਹੂ ਦੀ ਲਾਲੀ 'ਚ ਡੁੱਬ ਗਿਆ ਸੀ। ਮੈਂ ਛਿਆਂ ਵਰ੍ਹਿਆਂ ਦਾ ਹੀ ਸਾਂ ਤੇ ਆਪਣੀਆਂ ਅੱਖਾਂ ਸਾਹਮਣੇ ਅੰਤਾਂ ਦਾ ਖ਼ੂਨ ਦੇਖ ਕੇ ਫੈਸਲਾ ਨਹੀਂ ਸਾਂ ਕਰ ਸਕਿਆ ਕਿ ਬਹੁਤੇ ਜ਼ਾਲਮ ਕਿਹੜੇ ਸੂਰਮੇ ਹਨ? ਪਹਿਲਾਂ ਖ਼ੂਨ ਮੇਰੇ ਪਿੰਡ ਵਿੱਚ ਨਿਹੱਥੇ, ਬੇਵੱਸ ਅਤੇ ਹੱਥ ਜੋੜਦੇ ਹੋਏ ਉਸ ਸਿੱਖ ਦਾ ਕੀਤਾ ਗਿਆ ਸੀ ਜਿਹੜਾ ਆਪਣੇ ਬਿਮਾਰ ਪੁੱਤ ਦੀ ਰੋਟੀ ਲੈ ਕੇ ਅਜਨਾਲੇ ਜਾ ਰਿਹਾ ਸੀ। ਅੱਜ 56 ਵਰ੍ਹਿਆਂ ਪਿੱਛੋਂ ਮੈਨੂੰ ਉਸ ਮਰਨ ਵਾਲੇ ਦਾ ਨਾਂ ਦਾ ਵੀ ਪਤਾ ਲੱਗ ਗਿਆ ਹੈ ਕਿਉਂਕਿ ਮੇਰੀ ਅੰਮ੍ਰਿਤਸਰ ਯਾਤਰਾ ਵੇਲੇ ਮੇਜਰ ਰਾਜਬੀਰ ਸਿੰਘ ਅਜਨਾਲਾ ਦੇ ਘਰ ਬੈਠਿਆਂ ਪਿੰਡ ਭੂਰੇ ਗਿੱਲਾਂ ਦਾ ਵਸਨੀਕ ਸਰਦਾਰ ਬੁੱਢਾ ਸਿੰਘ ਮਿਲਿਆ। ਜਿਸ ਨੇ ਦੱਸਿਆ ਕਿ 'ਨਾਹੱਕ ਕਤਲ ਹੋਣ ਵਾਲਾ ਹਰਨਾਮ ਸਿੰਘ ਮੇਰਾ ਚਾਚਾ ਸੀ।' ਜਦੋਂ ਉਸ ਨੇ ਮੈਨੂੰ ਦੱਸਿਆ ਕਿ ਉਹ ਉਸ ਦਾ ਚਾਚਾ ਸੀ ਤਾਂ ਮੈਂ ਦੁਬਾਰਾ 1947 ਵਿਚ ਜਾ ਕੇ ਛੇ ਵਰ੍ਹਿਆਂ ਦਾ ਹੋ ਗਿਆ ਸਾਂ। ਉਹ ਖੱਟੀ ਪੱਗ ਬੰਨ੍ਹੀਂ ਮੇਰੇ ਸਾਮ੍ਹਣੇ ਖ਼ੂਨੋ ਖ਼ੂਨ ਹੋ ਕੇ ਡਿੱਗਾ ਪਿਆ ਸੀ। ਮੈਂ ਅੱਜ ਵੀ ਕਿੱਕਰ ਵਾਲੇ ਖੂਹ ਨੇੜੇ ਉਹਦੀ ਲਾਸ਼ ਵੇਖ ਰਿਹਾ ਸਾਂ।

ਦੂਜਾ ਖ਼ੂਨ ਬਿਲਕੁਲ ਮੇਰੇ ਸਾਮ੍ਹਣੇ, ਮੰਜੀ ਤੇ ਪਏ ਮੌਤ ਉਡੀਕਦੇ ਹੁਸੈਨ ਦਾ, ਕੀਤਾ ਗਿਆ। ਤੀਜਾ ਖ਼ੂਨ ਇਨਸਾਨੀਅਤ ਦਾ ਹੋਇਆ ਸੀ। ਉਹ ਚਿੱਟੇ ਝਾਟੇ ਵਾਲੀ ਦਰਿਆ 'ਚ ਰੁੜ੍ਹਦੀ ਜਾਂਦੀ ਸੀ। ਜਿਹੜੀ ਕੰਢੇ ਤੋਂ ਬਹੁਤੀ ਦੂਰ ਨਹੀਂ ਸੀ। ਉਹ ਮੌਤ ਨਾਲ ਲੜਦੀ ਹੋਈ ਅੱਲਾ-ਹੂ, ਅੱਲਾ-ਹੂ ਇਸ ਵਾਸਤੇ ਕਰਦੀ ਜਾ ਰਹੀ ਸੀ ਕਿ ਖੌਰੇ ਅੱਲਾ ਦੇ ਨਾਂ ਦਾ ਵੰਝ ਉਹਦੀ ਜ਼ਿੰਦਗੀ ਦੀ ਬੇੜੀ ਨੂੰ ਕੰਡੇ ਲਾ ਦੇਵੇਗਾ। ਉਹਨੂੰ ਬਾਹਰ ਕੱਢ ਕੇ ਇਕ ਮੁਸਲਮਾਨ ਪੰਜਾਬੀ ਸੂਰਮੇ ਨੇ ਪੁੱਛਿਆ, "ਮਾਈ ਤੂੰ ਮੁਸਲਮਾਨ ਏਂ?" "ਵੇ ਪੁੱਤਰਾ! ਮੈਂ ਸਿੱਖਣੀ ਹਾਂ ਪਰ ਹੁਣ ਮੈਂ ਮੁਸਲਮਾਨ ਹੋ ਜਾਵਾਂਗੀ।" ਅਜੇ ਉਹ ਏਨੀ ਗੱਲ ਆਖ ਹੀ ਰਹੀ ਸੀ ਕਿ ਦੋ ਪੰਜਾਬੀ ਸੂਰਮਿਆਂ ਨੇ ਲੱਤਾਂ ਬਾਹਵਾਂ ਤੋਂ ਫੜ੍ਹ ਕੇ ਦੁਬਾਰਾ ਪਾਣੀ ਵਿੱਚ ਵਗਾਹ ਮਾਰੀ। ਦੋ ਤਿਨ ਗੋਤੇ ਖਾਧੇ ਤੇ ਇਨਸਾਨੀਅਤ ਡੁੱਬ ਗਈ।

ਰਾਵੀ ਉੱਪਰ ਅੱਜ ਸੂਰਜ ਦੀ ਡੁੱਬਦੀ ਹੋਈ ਇਨਸਾਨੀਅਤ ਦਾ ਤਮਾਸ਼ਾ ਵੇਖ ਕੇ ਮੂੰਹ ਲੁਕਾ ਕੇ ਸ਼ਰਮ ਨਾਲ ਡੁੱਬ ਗਿਆ...

...ਛਿਆਂ ਵਰ੍ਹਿਆਂ ਦੇ ਬਾਲ ਨੂੰ ਕੀ ਪਤਾ ਸੀ ਕਿ ਕਾਂਗਰਸ ਕੀ ਹੁੰਦੀ ਏ? ਤੇ ਮੁਸਲਿਮ ਲੀਗ ਕੀ ਏ? ਤਿੰਨ ਖ਼ੂਨ ਤਾਂ ਅੱਖਾਂ ਨੇ ਵੇਖ ਲਏ ਸਨ। ਗੁੱਜਰਾਂਵਾਲੀ ਤੋਂ ਲੈ ਕੇ ਤੀਕਰਾਂ ਅੱਠ ਦੱਸ ਕੋਹਾਂ ਦੇ ਸਫ਼ਰ 'ਚ ਉਜਾੜੇ ਜਾਂਦੇ ਕਾਫਲੇ ਉੱਪਰ ਹਮਲੇ ਕਰਕੇ ਕਿੰਨੇ ਮਰੇ ਅਤੇ ਕਿੰਨੀਆਂ ਜੁਆਨ ਧੀਆਂ ਦੀ ਇੱਜ਼ਤ ਲੁੱਟੀ ਗਈ? ਉਸ ਦਾ ਮੈਨੂੰ ਕੋਈ ਪਤਾ ਨਹੀਂ। ਵੈਣ ਪਾਉਂਦੀਆਂ ਮਾਂਵਾਂ ਅਤੇ ਸਿਰ ਨੀਵੇਂ ਕਰਕੇ ਬੈਠੇ ਜੁਆਨ ਭਰਾਵਾਂ ਦੀਆਂ ਝੁਕੀਆਂ ਹੋਈਆਂ ਗਰਦਨਾਂ ਹੀ ਦਿਸਦੀਆਂ ਸਨ ਕਿ ਕੀ ਕੁਝ ਵਾਪਰ ਗਿਆ ਹੋਵੇਗਾ?

...ਅੱਜ ਵੀ ਮੂੰਹ ਤੇ ਲਹੂ ਦੀ ਲਾਲੀ ਮਲ ਕੇ ਸੂਰਜ ਹੱਸਦਾ ਹੱਸਦਾ ਚੜ੍ਹ ਆਇਆ ਸੀ... ਕੋਈ ਨਵਾਂ ਤਮਾਸ਼ਾ

ਵੇਖਣ... ਭੁੱਖੇ ਤਰਿਹਾਏ ਢਿੱਡਾਂ ਨਾਲ ਕੀਰਨੇ ਵੀ ਕਿੰਨੇ ਕੁ ਚਿਰ ਪਾਏ ਜਾ ਸਕਦੇ ਹਨ? ਉੱਜੜੇ ਹੋਏ ਵੱਢੇ-ਟੁਕੇ, ਥੱਕੇ-ਹਾਰੇ, ਖੌਫ਼ ਨਾਲ ਭਰੇ ਲੋਕ ਦਰਿਆ 'ਤੇ ਬੈਠੇ ਰੱਬ ਵੱਲ ਵੇਖ ਰਹੇ ਸਨ... ਪਿੱਛੇ ਦੁਸ਼ਮਣ, ਅੱਗੇ ਕਾਂਗਿਆ ਹੋਇਆ ਦਰਿਆ, ਪਤਾ ਨਹੀਂ ਕੀ ਹੋਇਆ ਸੀ। ਲੋਕਾਂ ਨੂੰ ਮੌਤ ਵਰਗੀ ਚੁੱਪ ਕਿਉਂ ਲੱਗ ਗਈ ਸੀ? ਕਿਧਰੇ ਉੱਚੀ-ਉੱਚੀ ਵੈਣ ਅਤੇ ਕਿਸੇ ਬਾਲ ਦੇ ਰੋਣ ਤੋਂ ਵੇਖ ਇੰਜ ਲੱਗਦਾ ਸੀ, ਜਿਵੇਂ ਪੱਥਰਾਂ ਦੀ ਵਾਦੀ ਹੈ। ਮੇਰੇ ਮਾਮੇ ਦੀਆਂ ਪੰਜ ਧੀਆਂ, ਜਿਨ੍ਹਾਂ ਦਾ ਵੀਰ ਵੀ ਕੋਈ ਨਹੀਂ ਸੀ, ਆਪੇ ਬੁੱਢੇ ਪਿਓ ਨੂੰ ਇੰਜ ਚੰਬੜ ਕੇ ਬੈਠੀਆਂ ਹੋਈਆਂ ਸਨ, ਜਿਵੇਂ ਕਿਸੇ ਰੁੜ੍ਹਦੇ ਜਾਂਦੇ ਨੂੰ ਰੁੜ੍ਹਦਾ ਜਾਂਦਾ ਰੁੱਖ ਹੱਥ ਆ ਗਿਆ ਹੋਵੇ। ਅੱਗੋਂ ਉਸ ਬੁੱਢੇ ਰੁੱਖ ਦੀਆਂ ਜੜ੍ਹਾਂ ਪਹਿਲਾਂ ਹੀ ਉੱਖੜ ਸਨ।ਐਵੇਂ ਇਕ ਜ਼ਰਦ ਪੱਤਾ ਸੀ। ਮੇਰੀ ਮਾਂ ਦਾ ਵੀ ਉਹ ਇੱਕੋ ਇੱਕ ਭਰਾ ਸੀ, ਜਿਹੜਾ ਪੁੱਤਰ ਲੱਭਦਾ-ਲੱਭਦਾ ਜੁਆਨੀ ਨੂੰ ਵੀ ਜੁਆਨਾਂ ਵਾਂਗ ਨਾ ਹੰਡਾ ਸਕਿਆ। ਧੀਆਂ ਦੀ ਪੰਡ ਚੁੱਕ ਕੇ ਟੁਰਦਾ ਟੁਰਦਾ ਥੱਕ ਗਿਆ ਸੀ। ਮਾਮਾ ਬੜਾ ਹੀ ਉੱਛਲ ਗਿਆ ਸੀ। ਮੇਰੀ ਮਾਂ ਕਦੀ-ਕਦੀ ਆਖਦੀ, "ਵੇ ਵੀਰਾ! ਹਿੰਮਤ ਕਰ, ਇਹ ਬਾਲ ਤੇਰੇ ਵੱਲ ਵੇਖ ਕੇ ਹੋਰ ਵੀ ਘਬਰਾ ਗਏ ਨੇ। ਰੱਬ ਨੂੰ ਮਨਜ਼ੂਰ ਹੋਇਆ ਤੇ ਕਦੀ ਪਾਰ ਵੀ ਲੰਘ ਹੀ ਜਾਵਾਂਗੇ।" ਮਾਮਾ ਵਿਚਾਰਾ ਅਸਲੋਂ ਢੇਰੀ ਢਾਈ ਬੈਠਾ ਸੀ। ਉਹ ਆਖਦਾ, "ਫਾਤਮਾ! ਡਰ ਮੌਤ ਦਾ ਨਹੀਂ, ਡਰ ਤੇ ਧੀਆਂ ਦੀ ਇੱਜ਼ਤ ਦਾ ਖਾਈ ਜਾਂਦਾ ਏ।"

ਇਹ ਗੱਲਾਂ ਹੋ ਹੀ ਰਹੀਆਂ ਸਨ ਕਿ ਇਕਦਮ ਦਿਲ ਚੀਰ ਦੇਣ ਵਾਲੀਆਂ ਚੀਕਾਂ ਦੀ ਅਵਾਜ਼ ਆਈ। ਸ਼ਾਇਦ ਫੇਰ ਕਿਸੇ ਦਾ ਕੋਈ ਪਿਆਰਾ ਦੁਨੀਆਂ ਛੱਡ ਗਿਆ ਸੀ। ਛੇਤੀ ਹੀ ਮੌਤ ਦੀ ਤਸਦੀਕ ਹੋ ਗਈ। ਜਦ ਕੋਟਲੀ ਡੋਗਰਾਂ ਦੇ ਕਾਫਲੇ 'ਚ ਅੱਲ੍ਹਾ ਹੂ ਅਕਬਰ ਦੀਆਂ ਅਵਾਜ਼ਾਂ ਆਈਆਂ। ਰੱਬ ਜਾਣੇ ਜਨਾਜ਼ਾ ਪੜ੍ਹ ਕੇ ਲਾਸ਼ ਭੋਇੰ 'ਚ ਦੱਬੀ ਸੀ ਜਾਂ ਰੋੜ੍ਹ ਦਿੱਤੀ ਸੀ।

ਨਾਲ ਹੀ ਕਿਸੇ ਕਾਫਲੇ 'ਚੋਂ ਅਜ਼ਾਨ ਦੀ ਆਵਾਜ਼ ਆਈ ਕਿ 'ਅੱਲਾ ਬਹੁਤ ਵੱਡਾ ਏ।' ਮੇਰੀ ਮਾਂ ਨੇ ਸਾਫ਼ ਸੁਥਰਾ ਹੋਣ ਲਈ ਇਕ ਗੰਦੀ ਜਿਹੀ ਛੱਪੜੀ ਤੋਂ ਵੁਜ਼ੂ ਕੀਤਾ। ਐਵੇਂ ਆਪਣੇ ਯਕੀਨ ਨੂੰ ਪਰਚਾਣ ਲਈ ਇੱਟਾਂ ਦਾ ਹੀ ਕੰਮ ਕੀਤਾ, ਜਿਵੇਂ ਕੋਈ ਗਰੀਬ ਮਾਂ ਆਪਣਾ ਬਾਲ ਵਰ੍ਹਾਣ ਲਈ ਸਖਣੇ ਫੀਡਰ ਦਾ ਨਿੱਪਲ ਉਹਦੇ ਮੂੰਹ 'ਚ ਪਾ ਦੇਂਦੀ ਏ।

ਨਮਾਜ਼ ਪੜ੍ਹ ਕੇ ਮਾਂ ਨੇ ਦੁਆ 'ਚ ਖੌਰੇ ਅੱਜ ਕੀ-ਕੀ ਮੰਗਣਾ ਸੀ ਕਿ ਚੜ੍ਹਦੇ ਵੱਲੋਂ ਘੋੜਿਆਂ ਦੀ ਇੱਕ ਲਾਮ ਵਿਖਾਈ ਦਿੱਤੀ। ਜਥਾ ਨੇੜੇ ਆਉਂਦਾ ਗਿਆ ਤੇ ਨੰਗੀਆਂ ਤਲਵਾਰਾਂ ਦੇ ਲਿਸ਼ਕਾਰੇ ਸਾਫ਼ ਦਿਖਾਈ ਦੇਣ ਲੱਗ ਪਏ। ਕਿਸੇ ਨੇ ਆਖਿਆ ਕਿ ਨਾਭੇ ਪਟਿਆਲੇ ਵਾਲੇ ਦਾ ਕੰਮ ਹੈ। ਇੱਕ ਬੁੱਢੜੀ ਨੇ ਕਿਹਾ, "ਅੱਲ੍ਹਾ ਕਰੇ ਪਟੇਲ ਦਾ ਕੱਖ ਨਾ ਰਵ੍ਹੇ।" ਦਰਿਆ ਤੋਂ ਹਟ ਕੇ ਕੰਢੇ ਤੇ ਲੀੜੇ ਸੁਕਾਉਂਦੀਆਂ ਜਨਾਨੀਆਂ ਨੇ ਜੁਆਕ ਢਾਕੇ ਮਾਰੇ ਤੇ ਦਰਿਆ ਵੱਲ ਨੱਸ ਪਈਆਂ। ਚਾਰ ਚੁਫੇਰੇ ਚੀਕ ਚਹਾੜਾ ਪੈ ਗਿਆ।

ਜੀ ਭਿਆਣੀਆਂ ਭੈਣਾਂ ਨੇ ਜੁਆਨ ਭਰਾਵਾਂ ਵੱਲ ਵੇਖਿਆ ਤੇ ਨਿਹੱਥੇ ਭਰਾਵਾਂ ਨੇ ਬੇਵੱਸੀ ਅੱਗੇ ਧੌਣਾਂ ਨੀਵੀਆਂ ਕਰ ਲਈਆਂ। ਸੂਰੇਪੁਰ ਤੇ ਚਮਿਆਰੀ ਦਾ ਕਾਫਲਾ ਗੁੱਜਰਾਂਵਾਲੀ ਤੇ ਕੋਟਲੀ ਡੋਗਰਾਂ ਦੇ ਕਾਫਲੇ ਤੋਂ ਥੋੜ੍ਹਾ ਜਿਹਾ ਹਟ ਕੇ ਸੀ ...ਘੋੜਿਆਂ ਦਾ ਇੱਜੜ ਜਿਉਂ-ਜਿਉਂ ਨੇੜੇ ਆਉਂਦਾ ਗਿਆ, ਮੌਤ ਦਾ ਫਾਸਲਾ ਘੱਟ ਹੁੰਦਾ ਗਿਆ। ਸੱਚ ਤੇ ਇਹ ਹੈ ਕਿ ਮੌਤ ਤਾਂ ਏਡੀ ਖੌਫ਼ਨਾਕ ਨਹੀਂ ਜਿੱਡਾ ਉਸਦਾ ਖੌਫ਼ ਖੌਫ਼ਨਾਕ ਹੈ। ਮੌਤ ਦਾ ਖੌਫ਼ ਮੌਤ ਨਾਲੋਂ ਬਹੁਤੀ ਤਕਲੀਫ ਦਿੰਦਾ ਏ।

ਸਾਰੇ ਲੋਕੀਂ ਦਰਿਆ ਕੰਢੇ ਜਮ੍ਹਾਂ ਹੋ ਗਏ। ਬਾਲ ਮਾਵਾਂ ਨੂੰ ਚੰਬੜ ਗਏ ਅਤੇ ਜਵਾਨ ਧੀਆਂ ਮਾਪਿਆਂ ਦੇ ਉਹਲੇ ਹੋ ਕੇ ਖਲੋ ਗਈਆਂ। ਭੈਣਾਂ ਨੇ ਗਲੋਂ ਨੰਗੇ ਸ਼ੀਂਹ ਵਰਗੇ ਜੁਆਨ ਵੀਰਾਂ ਦੇ ਹੱਥ ਫੜ ਲਏ ਪਰ ਕਈ ਦਿਨਾਂ ਦੇ ਭੁੱਖੇ ਤਰਿਹਾਏ ਵੀਰਾਂ ਨੇ ਉਨ੍ਹਾਂ ਦੀ ਇਜੱਤ ਦੀ ਡੁੱਬਦੀ ਬੇੜੀ ਨੂੰ ਆਸਰੇ ਦਾ ਸ਼ਬਦ ਵੀ ਨਾ ਦਿੱਤਾ। ਡਿੱਗਦੀਆਂ ਕੰਧਾਂ ਨੂੰ ਮੋਢਾ ਦੇਣ ਜੋਗੇ ਨਹੀਂ ਸਨ। ਮੂੰਹ ਜੋੜ ਬੇਰਹਿਮੀ ਅੱਗੇ ਬੇਵੱਸੀ ਨੇ ਹਥਿਆਰ ਸੁੱਟ ਦਿੱਤੇ ਸਨ (ਦਰਿਆ ਕੰਢੇ ਅੱਜ ਦੇ ਦਿਹਾੜੇ ਦਾ ਅਗਲਾ ਹਾਲ ਲਿਖਣ ਤੋਂ ਪਹਿਲਾਂ ਮੈਂ ਹਲਫ ਚੁੱਕ ਕੇ ਇੱਕ ਅਹਿਦ ਕਰ ਰਿਹਾ ਹਾਂ ਕਿ ਆਪਣੀ ਹਿਆਤੀ ਦੇ ਇਸ ਭਰਪੂਰ ਦਰਦਨਾਕ ਦਿਨ ਦੀਆਂ ਖਤਰਨਾਕ ਘੜੀਆਂ ਦਾ ਹੂਬਹੂ ਅਤੇ ਸਾਫ਼-ਸਾਫ਼ ਨਕਸ਼ਾ ਪੇਸ਼ ਕਰਾਂਗਾ)।

ਇਹ ਉਹ ਦਿਹਾੜਾ ਹੈ ਜਿਹੜਾ ਮੇਰੇ ਲੂੰ-ਲੂੰ 'ਚ ਵੜ ਕੇ ਮੇਰੀ ਅੱਖ ਦੀ ਪੁਤਲੀ ਬਣ ਗਿਆ ਹੈ। ਇਹ ਲਮਹੇ ਨਾ ਮੇਰੇ ਸਿਰ ਚੋਂ ਨਿਕਲੇ ਅਤੇ ਨਾ ਹੀ ਕਦੀ ਅੱਖਾਂ ਤੋਂ ਓਹਲੇ ਹੋਏ ਜਿਵੇਂ ਕਿਸੇ ਨੂੰ ਫਾਹੇ ਲਾਣ ਲਈ ਫਾਂਸੀ ਘਾਟ ਵਲ ਲਈ ਜਾਂਦਾ ਜੱਲਾਦ ਮੁਜ਼ਰਿਮ ਦੇ ਗਲ ਵਿਚ ਫੰਦਾ ਪਾ ਕੇ ਨਾਲ ਹੀ ਆਖ ਦੇਵੇ ਕਿ "ਤੇਰੀ ਸਜ਼ਾਏ ਮੌਤ ਦੇ ਆਰਡਰ ਕੈਂਸਲ ਹੋ ਗਏ ਨੇ।" ਉਸ ਮੁਜ਼ਰਿਮ ਨੂੰ ਪੁੱਛਿਆ ਜਾਵੇ ਕਿ ਤੈਨੂੰ ਕਾਲ ਕੋਠੜੀ ਤੋਂ ਲੈ ਕੇ ਫਾਂਸੀ ਘਾਟ ਦਾ ਪੈਂਡਾ ਕਿਵੇਂ ਦਾ ਲੱਗਾ ਸੀ? ਬੜੀ ਹਿੰਮਤ ਅਤੇ ਹੌਂਸਲੇ ਦੀ ਗੱਲ ਹੈ ਕਿ ਮੈਂ ਵੇਖੇ ਹੋਏ ਅਤੇ ਝੱਲੇ ਹੋਏ ਇਸ ਹਾਦਸੇ ਨੂੰ ਲਿਖ ਸਕਾਂ। ਸਭ ਤੋਂ ਪਹਿਲਾਂ ਮਹਿੰਦੀ ਰੰਗੇ ਲਾਲ ਵਾਲਾਂ ਵਾਲੀ ਮੇਰੀ ਮਾਂ ਬਹਿਸ਼ਤਣ ਮੇਰੇ ਸਾਹਮਣੇ ਆ ਖਲੋਂਦੀ ਏ। ਦਿਲ ਤੇ ਗੁਜਰਨ ਵਾਲੀ ਪੀੜ ਨੂੰ ਕਾਗਜ਼ ਉੱਤੇ ਕਿਵੇਂ ਵਿਛਾ ਕੇ ਵਿਖਾਵਾਂ। ਲਿਖਦੇ-ਲਿਖਦੇ ਅਖੀਰ ਮੇਰੀ ਬੇਵੱਸੀ ਨੇ ਸ਼ੁਦਾਅ ਘੋਲ ਸੁੱਟਿਆ ਹੈ ਕਿ ਆਪਣੇ ਦੋ ਗਰਮ-ਗਰਮ ਅੱਥਰੂ ਦਵਾਤ ਵਿੱਚ ਘੋਲ ਕੇ ਕਲਮ ਭਰ ਲਿਆ ਹੈ ... ਕੀ ਕਰਾਂ! ਸਾਰੀ ਹਿਆਤੀ ਜਜ਼ਬਾਤ ਦੀ ਬਲਦੀ ਚਿਤਾ ਵਿੱਚ ਝੋਕੀ ਹੈ। ਪੈਂਡੇ ਹੀ ਅਵੱਲੇ ਕੀਤੇ ਨੇ ... ਘੋੜਿਆਂ ਤੇ ਚੜ੍ਹੇ ਪੰਜਾਬੀ ਸਰਦਾਰਾਂ ਦਾ ਲਿਸ਼ਕਦੀਆਂ ਤਲਵਾਰਾਂ ਵਾਲਾ ਲਸ਼ਕਰ ਹੌਲੀ-ਹੌਲੀ ਨੇੜੇ ਆ ਰਿਹਾ ਸੀ।ਮੇਰੇ ਪਿੱਛੋਂ ਤੇ ਪਤਾ ਨਹੀਂ ਲੋਕਾਂ ਨਾਲ ਕੀ ਕੀ ਹੋਇਆ ਸੀ ਪਰ ਮੇਰੇ ਹੁੰਦਿਆਂ ਦਰਿਆ ਉੱਤੇ ਹੋਣ ਵਾਲੇ ਜ਼ੁਲਮ ਦੀ ਇਹ ਸਭ ਤੋਂ ਵੱਡੀ ਖੇਡ ਸੀ।ਹਜ਼ਾਰਾਂ ਦੀ ਤਦਾਦ ਵਿਚ ਘੋੜ ਸਵਾਰ ਭੁੱਖੇ ਤਰਿਹਾਏ ਨਿਹੱਥੇ ਲੋਕਾਂ ਨਾਲ ਜੰਗ ਜਿੱਤਣ ਆ ਰਹੇ ਸਨ। ਹਾਲਾਤ ਸਾਫ਼ ਦਿਸ ਰਹੇ ਸਨ ਕਿ ਅੱਜ ਜ਼ੁਲਮ ਦੀ

ਅਖੀਰ ਅਤੇ ਜ਼ਿੰਦਗੀ ਦੀ ਸ਼ਾਮ ਹੋ ਜਾਏਗੀ। ਧੀਆਂ ਮਾਪਿਆਂ ਦੇ ਗਲੇ ਲੱਗ ਕੇ ਰੱਜ ਰੋਈਆਂ ਅਤੇ ਮਾਵਾਂ ਨੇ ਪੁੱਤਾਂ ਦੇ ਆਖਰੀ ਵਾਰ ਮੱਥੇ ਚੁੰਮ ਲਏ। ਸਾਡਾ ਗੁਆਂਢੀ ਰਮਜ਼ਾਨ ਬਰਵਾਲਾ ਆਪਣੀ ਬੀਵੀ ਨੂੰ ਮੈਂ ਇਹ ਆਖਦਾ ਸੁਣਿਆ, "ਅੱਛਾ ਰਹਿਮਤੇ! ਅੱਲ੍ਹਾ ਦੇ ਹਵਾਲੇ, ਹੁਣ ਅਗਲੇ ਜਹਾਨ ਮਿਲਾਂਗੇ।"ਇੱਥੇ ਸਾਫ਼ ਨਜ਼ਰ ਆ ਰਿਹਾ ਸੀ ਕਿ ਰਮਜ਼ਾਨ ਆਪਣੀ ਮੌਤ ਤੋਂ ਕਿੰਨੀ ਕੁ ਵਿੱਥ 'ਤੇ ਖੜ੍ਹਾ ਏ? ਸਾਡੇ ਪਿਛਵਾੜੇ ਵਾਲੀ ਗੋਹਰੀ ਡੋਗਰੀ ਆਪਣੇ ਇੱਕੋ-ਇੱਕ ਜੁਆਨ ਪੁੱਤਰ ਲਾਲੂ ਉੱਤੇ ਰਜਾਈ ਪਾ ਕੇ ਉੱਪਰ ਬਹਿ ਗਈ। ਉਹ ਜੀ ਭਿਆਣੀ ਮੌਤ ਨੂੰ ਧੋਖਾ ਦੇ ਕੇ ਆਖ ਰਹੀ ਸੀ, "ਵੇ ਲੋਕੋ! ਮੇਰੇ ਲਾਲੂ ਨੂੰ ਬਚਾ ਲਿਉ" ਉਹ ਸਮਝਦੀ ਸੀ ਕਿ ਸ਼ਾਇਦ ਉਸ ਦੇ ਲਾਲ ਵਰਗਾ ਕਿਸੇ ਦਾ ਲਾਲ ਨਹੀਂ। ਬੜਾ ਜ਼ਬ੍ਹਾ ਸੀ ਤਕਦੀਰ ਅਤੇ ਕੁਦਰਤ ਦਾ, ਜਿਹੜੀ ਇੰਜ ਦਿਹਾੜੇ ਜਜ਼ਬਾਤ, ਹੰਝੂ ਅਤੇ ਸਦਾ ਲਈ ਵਿਛੜ ਜਾਣ ਵਾਲੇ ਮਿਲਾਪ ਵੇਖ ਰਹੀ ਸੀ।

...ਘੋੜਿਆਂ ਵਾਲਾ ਲਸ਼ਕਰ ਅਜੇ ਦੂਰ ਹੀ ਸੀ ਕਿ ਤਿੰਨ ਫੌਜੀ ਟਰੱਕ ਸਾਡੇ ਕਾਫਲੇ ਕੋਲ ਆ ਕੇ ਖਲੋ ਗਏ। ਉਨ੍ਹਾਂ ਵਿਚੋਂ ਥਰੀ ਨਾਟ ਥਰੀ ਬੰਦੂਕਾਂ ਫੜੀ ਬਾ-ਵਰਦੀ ਸਿਪਾਹੀ ਨਿਕਲੇ ਤੇ ਸਾਨੂੰ ਘੇਰੇ 'ਚ ਲੈ ਕੇ ਆਖਣ ਲੱਗੇ, "ਅਸੀਂ ਤੁਹਾਡੀ ਸਹਾਇਤਾ ਲਈ ਆਏ ਹਾਂ" ਪਤਾ ਨਹੀਂ ਸੀ ਲੱਗਦਾ ਕਿ ਸ਼ਬਦਾਂ ਨੂੰ ਜ਼ਿੰਦਗੀ ਆਖੀਏ ਕਿ ਸਿੱਖਾਂ ਦਾ ਨਾ ਮੌਤ ਰੱਖੀਏ। ਉਹ ਸਾਰੇ ਹੀ ਪੰਜਾਬੀ ਵੀਰ ਬੜੇ ਬਣੇ-ਠਣੇ ਗੱਭਰੂ ਜੁਆਨ ਸਨ। ਇੱਕ ਪਾਸੇ ਠਾਠਾਂ ਮਾਰਦਾ ਰਾਵੀ ਦਰਿਆ ਅਤੇ ਦੂਜੇ ਪਾਸੇ ਬੇਵਜ੍ਹਾ ਬੇਕਸੂਰਾਂ ਉੱਤੇ ਬੰਦੂਕਾਂ ਤਾਣੀ ਖਲੋਤੇ ਬੇਦਰਦ ਭਰਾ... ਯਕੀਨ ਅਤੇ ਸ਼ੱਕ 'ਚ ਘਿਰੇ ਕਾਫਲੇ ਨੂੰ ਸਮਝ ਲੱਗ ਗਈ ਕਿ ਫੌਜੀ ਸਿਰਫ਼ ਘੋੜਿਆਂ ਵਾਲੇ ਜਥੇ ਨੂੰ ਉਡੀਕ ਰਹੇ ਹਨ ਕਿ ਉਹ ਲੁੱਟ ਮਾਰ ਕਰਕੇ ਕੁੜੀਆਂ ਚੁੱਕ ਲੈਣਗੇ ਤੇ ਪਿਛੋਂ ਲੋਕਾਂ ਦਾ ਅੰਜਾਮ ਕਰ ਦੇਵਾਂਗੇ। ਇਸ ਫੈਸਲੇ ਦੀ ਘੜੀ ਨੇ ਇਕ ਹੀ ਸਿੱਟਾ ਕੱਢਿਆ ਸੀ ਮੇਰੀ ਮਾਸੀ ਰਹੀਮ ਬੀਬੀ ਆਪਣੀ ਜਵਾਨ ਧੀ ਰਸ਼ੀਦਾਂ ਨੂੰ ਸੀਨੇ ਨਾਲ ਲਾ ਕੇ ਇਹਦੇ ਪਿਓ ਉਮਰਦੀਨ ਨੂੰ ਆਖਣ ਲੱਗੀ, "ਲੈ ਰਸ਼ੀਦਾਂ ਦੇ ਚਾਚਾ, ਧੀ ਦੇ ਸਿਰ ਤੇ ਪਿਆਰ ਦੇ ਕੇ ਅੱਜ ਇਸ ਨੂੰ ਆਪਣੇ ਹੱਥੀਂ ਮੌਤ ਦੇ ਹਵਾਲੇ ਕਰ ਦੇ।" ਉਮਰਦੀਨ ਨੇ ਧੀ ਦੇ ਨੰਗੇ ਸਿਰ ਤੇ ਹੱਥ ਫੇਰ ਕੇ ਆਖਿਆ, "ਧੀਏ! ਇੱਜ਼ਤਾਂ ਨਾਲੋਂ ਜ਼ਿੰਦਗੀ ਮਹਿੰਗੀ ਨਹੀਂ, ਇਹ ਦਰਿੰਦੇ ਚੁੱਕ ਲੈ ਜਾਣਗੇ, ਇਸ ਤੋਂ ਬਿਹਤਰ ਹੈ ਕਿ ਜ਼ਿੰਦਗੀ ਨੂੰ ਇੱਜ਼ਤ ਤੋਂ ਕੁਰਬਾਨ ਕਰ ਦੇ।"

ਮਾਸੀ ਰਹੀਮ ਬੀਬੀ ਨੇ ਅੱਖਾਂ ਅੱਗੇ ਹੱਥ ਰੱਖ ਲਿਆ ਤੇ ਉਮਰਦੀਨ ਨੇ ਧੀ ਨੂੰ ਆਪਣੇ ਹੱਥੀਂ ਸ਼ੂਕਦੇ ਦਰਿਆ ਦੇ ਹਵਾਲੇ ਕਰ ਦਿੱਤਾ। ਮੇਰੀਆਂ ਅੱਖਾਂ ਨੇ ਇਹ ਸਾਰਾ ਕੁਝ ਵੇਖਿਆ, ਪਰ ਮੇਰਾ ਇੱਕ ਵੀ ਅੱਥਰੂ ਨਾ ਵਗਿਆ। ਮੈਂ ਵੇਖਿਆ ਕਿ ਹੱਥ ਪੈਰ ਮਾਰਦੀ ਰਸ਼ੀਦਾਂ ਇੱਕ ਦੋ ਵਾਰੀ ਪਾਣੀ ਦੇ ਉੱਤੇ ਥੱਲੇ ਹੋਈ ਤੇ ਇੱਜ਼ਤ ਦਾ ਦਾਜ ਲੈ ਕੇ ਮੌਤ ਦੀ ਡੋਲੀ ਬਹਿ ਗਈ। ਮੇਰੇ ਭਰਾ ਦੀ ਸੱਸ ਅਤੇ ਸਾਡੀ ਮਾਸੀ ਰਹੀਮ ਬੀਬੀ ਮੇਰੀ ਮਾਂ ਦੇ ਗਲ ਲੱਗ ਕੇ ਆਖਣ ਲੱਗੀ "ਨੀ ਫਾਤਮਾ! ਮੈਂ ਤੇ ਰਸ਼ੀਦਾਂ ਨੂੰ ਟੋਰ ਬੈਠੀ ਆਂ। ਮੇਰੇ ਤੇ ਕੰਮ ਮੁੱਕ ਗਏ ਨੇ। ਹੁਣ ਮੈਂ ਵੀ ਜੀਅ ਕੇ ਕੀ ਲੈਣਾ। ਮੇਰੀ ਮਾਂ ਨੂੰ ਸ਼ੱਕ ਪੈ ਗਿਆ ਤੇ ਉਸ ਨੇ ਰਹੀਮ ਬੀਬੀ ਦੀ ਬਾਂਹ ਘੁੱਟ ਕੇ ਫੜ ਲਈ... ਰਸ਼ੀਦਾਂ ਦੀ ਵੇਖਾ-ਵੇਖੀ ਹੋਰ ਵੀ ਕਈ ਮਾਪੇ ਧੀਆਂ ਦੀ ਇੱਜ਼ਤ ਦਾ ਦਾਜ ਬੰਨ੍ਹ ਕੇ ਬਲੀ ਤਿਆਰ ਕਰਨ ਲਗ ਪਏ। ਇਹ ਤੇ ਮੈਨੂੰ ਪਤਾ ਨਹੀਂ ਕਿ ਉਸ ਦਿਹਾੜੀ ਕਿੰਨੀਆਂ ਕੁ ਡੋਲੀਆਂ ਉੱਠੀਆਂ ਕਿਉਂਕਿ ਏਨੀ ਖਲਕਤ ਵਿਚ ਮੈਂ ਮੌਤ ਦੇ ਸਾਰੇ ਮੁਕਲਾਵੇ ਨਹੀਂ ਸਾਂ ਵੇਖ ਸਕਦਾ ਪਰ ਰਸ਼ੀਦਾਂ ਦੀ ਮੌਤ ਤੋਂ ਬਾਅਦ ਨਾਲ ਹੀ ਇਕ ਧੀ ਦੀ ਅਜੇਹੀ ਮੌਤ ਵੇਖੀ ਜੋ ਮੈਨੂੰ ਅੱਜ ਵੀ ਨਹੀਂ ਜਿਉਣ ਦੇਂਦੀ। ਇਸ ਮੌਤ ਦੇ ਨਾਲ ਹੀ ਪੰਜਾਬੀ ਸਭਿਆਚਾਰ ਦੀਆਂ ਹਸਰਤਾਂ ਦਾ ਕਾਫਲਾ ਵੀ ਡੁੱਬਾ ਸੀ। ਭੈਣ ਦੇ ਅਣ-ਮੁੱਲੇ ਪਿਆਰ ਦੀ ਇਕ ਦਾਸਤਾਨ ਵੀ ਮੇਰੇ ਹਿਰਦੇ ਤੇ ਲਿਖੀ ਗਈ ਅਤੇ ਮਾਸੂਮੀਅਤ ਦਾ ਇਕ ਬੁੱਤ ਸਾਰੀ ਉਮਰ ਲਈ ਮੇਰੀ ਰੂਹ ਉੱਤੇ ਰੱਖ ਦਿੱਤਾ ਗਿਆ। ਇਹ ਸੀ ਸੂਰੇ ਜਾਂ ਕੋਟਲੀ ਅਸੰਧ ਵਾਲੀ ਦੇ ਮਾਪਿਆਂ ਦੀ ਧੀ। ਜਿਹੜੀ ਰੱਜ ਕੇ ਸੋਹਣੀ ਸੀ ਅਤੇ ਨਵਾਂ ਨਵਾਂ ਹੀ ਜਵਾਨੀ ਵਿਚ ਪੈਰ ਰੱਖਿਆ ਸੀ ਉਹਨੇ। ਉਸ ਦਾ ਪਿਓ ਜਦੋਂ ਉਸ ਦੀ ਬਾਂਹ ਫੜ ਕੇ ਕੁਰਬਾਨ ਗਾਹ ਵੱਲ ਟੁਰਿਆ ਤਾਂ ਉਸ ਵਿਚਾਰੀ ਨੇ ਦਰਿਆ ਕੰਢੇ ਖਲੋ ਕੇ ਮਰਨ ਤੋਂ ਪਹਿਲਾਂ ਇਕੋ ਹੀ ਖਾਹਿਸ਼ ਕੀਤੀ ਅਤੇ ਇਕੋ ਹੀ ਮਾਸੂਮ ਹਾੜਾ ਪਾਇਆ ਤੇ ਆਖਣ ਲੱਗੀ, "ਨੀਂ ਬੇਬੇ! ਮੇਰੀ ਇੱਕੋ ਹੀ ਬੇਨਤੀ ਊ, ਮੇਰੇ ਵੀਰ ਨੂੰ ਬਚਾ ਕੇ ਕਿਸੇ ਤਰ੍ਹਾਂ ਪਾਕਿਸਤਾਨ ਜ਼ਰੂਰ ਲੈ ਜਾਈਂ।" ਇਹ ਇਕ ਐਸੀ ਆਖਰੀ ਖਾਹਿਸ਼ ਸੀ ਜਿਸ ਤੇ ਹਜ਼ਾਰਾ ਜ਼ਿੰਦਗੀਆਂ ਕੁਰਬਾਨ ਕਰ ਦੇਈਏ ਤੇ ਘੱਟ ਹਨ। ਉਹ ਮਰਦੀ ਮਰਦੀ ਵੀ ਆਪਣੇ ਵੀਰ ਦੀ ਜ਼ਿੰਦਗੀ ਮੰਗ ਰਹੀ ਸੀ। ਉਸ ਪੰਜਾਬ ਦੀ ਭੈਣ ਨੂੰ ਵੀ ਮੇਰੀਆਂ ਅੱਖਾਂ ਨੇ ਦਰਿਆ ਵਿੱਚ ਬਲੀ ਚੜ੍ਹਦਿਆਂ ਵੇਖਿਆ ਸੀ। ਉਹ ਵੀ ਰਸ਼ੀਦਾਂ ਵਾਂਗ ਹੀ ਆਪਣੇ ਵੀਰ ਤੇ ਮਰਦੀ-ਮਰਦੀ ਡੁੱਬ ਕੇ ਮਰ ਗਈ। ਮੇਰੀਆਂ ਬਦ-ਨਸੀਬ ਅੱਖਾਂ ਨੇ ਉਸ ਦਾ ਵੀਰ ਵੀ ਵੇਖਿਆ ਹੈ। ਉਹ ਮੇਰੀ ਹੀ ਉਮਰ ਦਾ ਇਕ ਛਿੰਦਾ ਜਿਹਾ ਵੀਰ ਸੀ। ਜਿਹੜਾ ਮਾਪਿਆਂ ਦੀ ਆਖਰੀ ਉਮਰੇ ਸੁੱਖਣਾ ਸੁੱਖ-ਸੁੱਖ ਕੇ ਭੈਣ ਨੂੰ ਲੱਭਾ ਸੀ। ਮਰਨ ਵਾਲੀ ਨੂੰ ਖਿਆਲ ਤੇ ਆਇਆ ਹੋਵੇਗਾ ਕਿ ਜਿਹੜੇ ਗੱਭਰੂ ਬੰਦੂਕਾਂ ਤਾਣੀਂ ਖਲੋਤੇ ਨੇ ਉਹਨਾਂ ਦੀ ਵੀ ਤੇ ਕੋਈ ਭੈਣ ਹੋਵੇਗੀ। ਕੱਲ੍ਹ ਇਹ ਵੀ ਤੇ ਮੇਰੇ ਹੀ ਵੀਰ ਸਨ ਤੇ ਅੱਜ ਵੈਰੀ ਹੋ ਗਏ।...ਲੋਕਾਂ ਨੇ ਇਹ ਵੀ ਦੱਸਿਆ ਕਿ ਜਦੋਂ ਬੰਦੂਕਾਂ ਵਾਲਿਆਂ ਨੂੰ ਕੁੜੀਆਂ ਡੋਬਣ ਦਾ ਪਤਾ ਲੱਗਿਆ ਤੇ ਉਹਨਾਂ ਨੇ ਸਖ਼ਤੀ ਨਾਲ ਲੋਕਾਂ ਨੂੰ ਮਨ੍ਹਾ ਵੀ ਕੀਤਾ ਸੀ... ਘੋੜਿਆਂ ਵਾਲਾ ਜਥਾ ਜਦੋਂ ਹੋਰ ਨੇੜੇ ਆ ਗਿਆ ਤਾਂ ਬੰਦੂਕਾਂ ਵਾਲਿਆਂ ਨੇ ਘੇਰਾ ਤੰਗ ਕਰਕੇ ਆਖਿਆ ਕਿ ਸਾਰੇ ਇਕ ਦੂਜੇ ਦੇ ਕੋਲ-ਕੋਲ ਹੋ ਜਾਉ। ਲੋਕੀਂ ਇਕ ਦੂਜੇ ਦੇ ਨਾਲ ਜੁੜ ਕੇ ਖਲੋ ਗਏ ਤੇ ਮੌਤ ਸਿਰਫ ਦੋ ਕਦਮਾਂ ਤੇ ਖਲੋਤੀ ਨਜ਼ਰ ਆਈ। ਮੇਰੀ ਮਾਂ ਨੇ ਕੋਲ ਖਲੋਤੀ ਇਕ ਜਨਾਨੀ ਨੂੰ ਆਖਿਆ, "ਨੀ ਭੈਣੇ! ਇਹ ਨਾ ਡਰ ਕੇ ਡੁੱਬ ਜਾਣ, ਇਹ ਚਾਹੁੰਦੇ ਨੇ ਕਿ ਇਕ ਗੋਲੀ ਨਾਲ

ਕਈ ਕਈ ਬੰਦੇ ਮਰਨ।" ਮੈਂ ਗੋਲੀ ਵੱਜਣ ਦਾ ਤਸੱਵਰ ਕੀਤਾ ਤੇ ਆਪਣੇ ਜਿਸਮ ਨੂੰ ਸੁੰਗੜਾ ਕੇ ਸਖ਼ਤ ਕਰ ਲਿਆ। ਜ਼ਰਾ ਸੋਚ ਕੇ ਵੇਖੋ ਕਿ ਜੇ ਬੰਦਾ ਸਮਝੇ ਕਿ ਮੈਨੂੰ ਕੋਈ ਸੋਟਾ ਮਾਰਨ ਲੱਗਾ ਹੈ ਤੇ ਉਹ ਫਿਤਰੀ ਤੌਰ 'ਤੇ ਆਪਣੇ ਜਿਸਮ ਨੂੰ ਘੁੱਟ ਵੱਟ ਕੇ ਸਖਤ ਕਰ ਲੈਂਦਾ ਹੈ। ਬਸ ਏਨਾ ਕੁ ਹੀ ਫਾਸਲਾ ਸੀ ਮੇਰਾ ਤੇ ਮੌਤ ਦਾ। ਸਾਡੇ ਕੋਲ ਖਲੋਤੇ ਫੌਜੀ ਦੀ ਦਾੜ੍ਹੀ ਉਪਰ ਸੁਰਖ ਰੰਗ ਦੀ ਪੱਟੀ ਬੜੀ ਕੱਸ ਕੇ ਬੰਨ੍ਹੀਂ ਹੋਈ ਸੀ ਤੇ ਉਹ ਵਾਰ ਵਾਰ ਥੁੱਕਦਾ ਸੀ। ਉਹਨੂੰ ਕਾਫਲੇ ਤੋਂ ਬਦਬੂ ਆਉਂਦੀ ਸੀ। ਮੇਰੀ ਮਾਂ ਨੂੰ ਪਤਾ ਨਹੀਂ ਸੀ ਕੀ ਸੁੱਝੀ ਸ਼ਾਇਦ ਮਰਨ ਤੋਂ ਪਹਿਲਾਂ ਉਹ ਅੱਲ੍ਹਾ ਨੂੰ ਯਾਦ ਕਰ ਲੈਣਾ ਚਾਹੁੰਦੀ ਸੀ। ਬੰਦੂਕ ਵਾਲੇ ਦੇ ਪੈਰਾਂ ਦੇ ਕੋਲ ਹੀ ਉਸ ਨੇ ਕੰਨਾਂ ਨੂੰ ਹੱਥ ਲਗਾ ਕੇ "ਅੱਲ੍ਹਾ ਹੂ ਅਕਬਰ" ਆਖ ਕੇ, ਨਿਮਾਜ਼ ਦੀ ਨੀਅਤ ਕਰ ਲਈ। ਮੈਂ ਆਪਣੀ ਮਾਂ ਦੀ ਝੱਗੇ ਦੀ ਨੁੱਕਰ ਫੜ ਕੇ ਕੋਲ ਹੀ ਬੈਠ ਗਿਆ। ਬੰਦੂਕ ਵਾਲਾ ਬੇਕਰਾਰ ਜਿਹਾ ਹੋ ਕਦੀ ਕਦੀ ਸਜਦੇ ਪਈ ਮਾਂ ਨੂੰ ਵੇਖਦਾ ਤੇ ਪਰ੍ਹਾਂ ਮੂੰਹ ਕਰਕੇ ਥੁੱਕ ਦੇਂਦਾ। ਨਮਾਜ਼ ਪੜ੍ਹ ਕੇ ਮੇਰੀ ਮਾਂ ਨੇ ਚੁੱਪ ਚਾਪ ਮੇਰੀ ਬਾਂਹ ਫੜੀ ਤੇ ਅਡੋਲ ਹੀ ਫੌਜੀ ਦੇ ਸਾਹਮਣੇ ਹੀ ਮੈਨੂੰ ਕਾਫਲੇ 'ਚੋਂ ਲੈ ਕੇ ਨਿਕਲ ਗਈ। ਉਹ ਕੁਝ ਨਾ ਬੋਲਿਆ। ਸ਼ਾਇਦ ਮੈਂ ਤੇ ਮੇਰੀ ਮਾਂ ਉਹਦੇ ਕਿਸੇ ਕੰਮ ਦੇ ਨਹੀਂ ਸਾਂ। ਅਸੀਂ ਦਰਿਆ ਕੰਢੇ ਉੱਗੀ ਪਿਲਛੀ ਅਤੇ ਨੜ੍ਹ ਦੇ ਵਿਚੋਂ ਵਿੱਚ ਨੀਵੇਂ-ਨੀਵੇਂ ਹੋ ਕੇ ਖੋਭੇ 'ਚ ਟੁਰ ਰਹੇ ਸਾਂ ਕਿ ਗੋਲੀਆਂ ਚੱਲਣ ਦੀ ਆਵਾਜ਼ ਦੇ ਨਾਲ ਹੀ ਚੀਕ ਚਿਹਾੜਾ ਪੈ ਗਿਆ। ਜਨਾਨੀਆਂ ਦੀਆਂ ਚੀਕਾਂ ਸੁਣ ਲੋਕਾਂ ਦਾ ਰੌਲਾ ਅਤੇ ਸ਼ੋਰ ਸ਼ਰਾਬਾ ਦੱਸ ਰਿਹਾ ਸੀ ਕਿ ਮੌਤ ਦਾ ਖੇਡ ਸ਼ੁਰੂ ਹੋ ਗਿਆ ਏ। ਅਸੀਂ ਦੋਵੇਂ ਮਾਂ ਪੁੱਤਰ ਢਿੱਡ ਪਰਨੇ ਲੰਮੇ ਪੈ ਕੇ ਕੁਦਰਤ ਦੇ ਫੈਸਲੇ ਦਾ ਐਲਾਨ ਉਡੀਕ ਰਹੇ ਸਾਂ। ਪਰ ਰੱਬ ਨੇ ਜੇ ਅਜੇ ਕਿਸੇ ਨੂੰ ਨਾ ਮਾਰਨਾ ਹੋਵੇ ਤਾਂ ਉਸ ਦੁਸ਼ਮਣ ਦੀ ਮੱਤ ਮਾਰ ਦੇਂਦਾ ਏ। ਨਾਲੇ ਮੌਤ ਵੀ ਤਾਂ ਕਦੀ-ਕਦੀ ਜ਼ਿੰਦਗੀ ਦੀ ਪਹਿਰੇਦਾਰ ਬਣ ਜਾਂਦੀ ਹੈ ...

ਹੋਇਆ ਇੰਜ ਕਿ ਫੌਜੀਆਂ ਨੇ ਗੁੱਜਰਾਂਵਾਲੀ ਅਤੇ ਸੂਰੇਪੁਰ ਨੂੰ ਘੇਰਾ ਪਾਇਆ ਹੋਇਆ ਸੀ ਪਰ ਘੋੜ ਸਵਾਰ ਦੂਜੇ ਪਾਸੇ ਕੁਝ ਵਿੱਥ ਤੇ ਬੈਠੇ ਚਮਿਆਰੀ ਦੇ ਕਾਫਲੇ ਉੱਤੇ ਟੁੱਟ ਪਏ। ਚਮਿਆਰੀ ਖਾਂਦੇ ਪੀਂਦੇ ਰਾਜਪੂਤਾਂ ਦਾ ਵੱਡਾ ਸਾਰਾ ਨਗਰ ਸੀ। ਕੁਝ ਨਾਮ-ਕੱਟੀਏ ਫੌਜੀ ਤੇ ਪੁਲਸ ਵਾਲੇ ਵੀ ਸਨ ਜਿਨ੍ਹਾਂ ਕੋਲ ਬੰਦੂਕਾਂ ਪਿਸਤੌਲ ਵੀ ਹੈ ਸਨ ਇਹ ਸਾਰਾ ਕੁਝ ਹੋਵੇ ਤਾਂ ਬੰਦਾ ਸਾਹਮਣੇ ਖਲੋਤੀ ਮੌਤ ਦੇ ਹੱਥੀਂ ਪੈ ਹੀ ਜਾਂਦਾ ਹੈ

ਤਲਵਾਰਾਂ ਦੀ ਤਾਦਾਦ ਅਤੇ ਘੋੜਿਆਂ ਦੀ ਜਲਗਾਰ ਇਕ ਪਾਸੇ, ਪਰ ਜਿਊਂਦੀ ਜਾਨੇ ਕੋਈ ਵੀ ਇਨਸਾਨ ਆਪਣੇ ਹੱਥੀਂ ਮੌਤ ਨੂੰ ਆਪਣੀ ਧੌਣ ਨਹੀਂ ਫੜਾਉਂਦਾ। ਮਰਦਾ ਕੀ ਨਾ ਕਰਦਾ ਕਾਫਲੇ 'ਚੋਂ ਕੋਈ ਸ਼ੇਰ ਧਾੜਿਆ ਤੇ ਆਖਣ ਲੱਗਾ, "ਉਏ ਤਕੜੇ ਹੋ ਜਾਓ, ਮਰਨਾਂ ਤੇ ਹੈ ਪਰ ਲੜ ਕੇ ਮਰੋ।" ਮਰਨ ਤੋਂ ਪਹਿਲਾਂ ਮੌਤ ਨਾਲ ਬਗਾਵਤ ਦਾ ਜਜ਼ਬਾ ਪੈਦਾ ਹੋ ਜਾਏ ਤਾਂ ਮੌਤ ਦੇ ਪੈਰ ਵੀ ਉੱਖੜ ਜਾਂਦੇ ਨੇ। ਇਹ ਰੌਲਾ-ਰੱਪਾ ਅਤੇ ਵਾ-ਵੇਲਾ ਕੋਈ ਬਹੁਤਾ ਚਿਰ ਨਾ ਰਿਹਾ ਅਤੇ ਅੱਧੇ ਘੰਟੇ ਵਿਚ ਹੀ ਫੈਸਲਾ ਹੋ ਗਿਆ। ਘੋੜ ਸਵਾਰਾਂ ਦੀਆਂ ਆਸਾਂ ਮੂਜਬ ਲੋਕਾਂ ਨੇ ਆਪਣੇ ਸਿਰ ਅਤੇ ਧੀਆਂ ਪੇਸ਼ ਨਾ ਕੀਤੀਆਂ। ਸੂਰਮਿਆਂ ਤੇ ਜਰਾ ਕੁ ਭਾਰੀ ਬਣੀ ਤੇ ਉਹ ਨੱਸ ਉੱਠੇ ਤੇ ਉਹ ਕਿਹੜਾ ਜੰਗ ਜਿੱਤਣ ਆਏ ਸਨ ? ਇਕ ਮੌਜ ਮੇਲਾ ਹੀ ਤੇ ਹੈ ਸੀ ਦੋ ਚਾਰ ਘੋੜੀਆਂ ਆਪਣਿਆਂ ਅਸਵਾਰਾਂ ਤੋਂ ਖਾਲੀ ਹੋ ਗਈਆਂ ਤੇ ਪੱਗੜੀਆਂ ਮਿੱਟੀ ਚ ਰੁਲ ਗਈਆਂ। ਜਿੱਤੇ ਕਾਫਲੇ ਵਾਲਿਆਂ ਨੂੰ ਸੁਣਿਐਂ ਵਾਹਵਾ ਮਹਿੰਗੀ ਕੀਮਤ ਅਦਾ ਕਰਨੀ ਪਈ ... ਠੰਡ ਠੰਡੋਲਾ ਹੋਇਆ ਤੇ ਮੇਰੀ ਮਾਂ ਮੈਨੂੰ ਲੈ ਕੇ ਮੁੜ ਕਾਫਲੇ 'ਚ ਅੱਪੜ ਗਈ ਪਤਾ ਲੱਗਾ ਕਿ ਫੌਜੀ ਵੀ ਘੋੜ ਸਵਾਰਾਂ ਦੀ ਸਹਾਇਤਾ ਲਈ ਉਧਰ ਦੌੜੇ ਪਰ ਜਾਂਦਿਆਂ ਨੂੰ ਘੋੜ ਸਵਾਰ ਆਪਣੀਆਂ ਉਮੀਦਾਂ ਦਾ ਜ਼ਨਾਜ਼ਾ ਲੈ ਕੇ ਵਾਪਿਸ ਹੱਸ ਰਹੇ ਸਨ। ਰੱਬ ਜਾਣੇ ਕਿਸ ਕੋਲੋਂ ਕਿਹੜੀ ਥਾਂ ਗਲਤੀ ਹੋ ਗਈ ਸੀ ਉਨ੍ਹਾਂ ਦਾ ਮਤਾ ਕੀ ਸੀ ਤੇ ਅੱਗੋਂ ਕੀ ਹੋਇਆ ਉਹ ਆਪਣਾ ਟੀਚਾ ਪੂਰਾ ਨਾ ਕਰ ਸਕੇ......

ਗੁੱਜਰਾਂਵਾਲੀ ਸੂਰੇਪੁਰ ਦੇ ਕਾਫਲੇ ਵਿਚੋਂ ਕਿਸੇ ਧੀ ਭੈਣ ਦੀ ਇਜ਼ੱਤ ਖ਼ਰਾਬ ਨਾ ਹੋਈ। ਹਫੜਾ-ਦਫੜੀ 'ਚ ਨੱਸਣ ਵਾਲੇ ਫੌਜੀ ਅੰਨ੍ਹੇ ਵਾਹ ਗੋਲੀਆਂ ਚਲਾਂਦੇ ਟਰੱਕਾਂ ਤੇ ਚੜ੍ਹ ਕੇ ਨੱਸ ਗਏ।

ਦਰਿਆ ਉੱਤੇ ਪੰਜਵਾਂ ਦਿਹਾੜਾ ਪਤਾ ਨਹੀਂ ਕਿਸ-ਕਿਸ ਕੋਲੋਂ ਕਿਹੜਾ-ਕਿਹੜਾ ਪਿਆਰਾ ਖੋਹ ਕੇ ਲੈ ਗਿਆ ਸੀ। ਮੈਨੂੰ ਤੇ ਦੋ ਹੀ ਨਵੇਂ ਹਾਦਸੇ ਯਾਦ ਰਹਿ ਗਏ ਗੁੱਜਰਾਂ ਦੇ ਇਕ ਕੱਚੇ ਦੁੱਧ ਨਾਲ ਪਲਿਆ ਸ਼ੀਂਹ ਜਵਾਨ ਮੁੰਡਾ ਡਾਡਾਂ ਮਾਰ ਰਿਹਾ ਸੀ। ਉਹਦੇ ਖੱਬੇ ਪੱਟ 'ਚ ਵੱਜੀ ਗੋਲੀ ਪਾਰ ਨਹੀਂ ਸੀ ਲੰਘੀ। ਸੁਣਿਐ ਉਹਦੇ ਸਾਰੇ ਜਿਸਮ 'ਚ ਜ਼ਹਿਰ ਫੈਲ ਗਿਆ ਸੀ ਤੇ ਇਕ ਦਿਨ ਮਰ ਗਿਆ।

ਦੂਜੇ ਪਾਸੇ ਲੋਕਾਂ ਨੇ ਮੇਰੀ ਮਾਂ ਨੂੰ ਦੱਸਿਆ ਕਿ ਤੇਰੀ ਭੈਣ ਰਹੀਮ ਬੀਬੀ ਆਪਣੀ ਧੀ ਨੂੰ ਰੋੜ੍ਹ ਕੇ ਸਬਰ ਦਾ ਕੰਢਾ ਫੜ੍ਹਦੀ-ਫੜ੍ਹਦੀ ਆਪ ਵੀ ਉਹਦੇ ਪਿੱਛੇ ਚਲੀ ਗਈ ਹੈ। ਇਹ ਸਾਰਾ ਕੁਝ ਸੁਣ ਕੇ ਮੇਰੀ ਮਾਂ ਇਕ ਲਫਜ਼ ਨਾ ਬੋਲੀ ਥੋੜੇ ਜਿਹੇ ਹੰਝੂ ਤੇ ਹਾਵਾਂ ਦਾ ਨਜ਼ਰਾਨਾ ਦੇ ਕੇ ਚੁੱਪ ਹੋ ਗਈ...

ਨਾਲ ਹੀ ਕਾਫਲੇ 'ਚੋਂ ਕਿਸੇ ਬੰਦੇ ਨੇ ਸ਼ਾਮ ਵੇਲੇ ਦੀ ਨਮਾਜ਼ ਲਈ ਬਾਂਗ ਦੇ ਦਿੱਤੀ ਕਿ "ਅੱਲ੍ਹਾ ਬਹੁਤ ਵੱਡਾ ਹੈ।" ਇਸ ਤਰ੍ਹਾਂ ਅੱਜ ਦਾ ਸੂਰਜ ਵੀ ਆਪਣੀਆਂ ਅੱਖਾਂ ਮੀਟ ਕੇ ਡੁੱਬ ਗਿਆ ਸੀ ... ਕੱਲ੍ਹ ਕਿਸੇ ਨਵੀਂ ਖੇਡ ਦਾ ਆਗਾਜ਼ ਕਰਨ ਲਈ।

**ਨਵੇਂ ਰੂਪ ਵਿੱਚ ਛਪ ਰਹੇ 'ਸਤਿਜੁਗ' ਦੇ ਪਰਚੇ ਨੂੰ ਹੋਰ ਚੰਗੇਰਾ ਬਣਾਉਣ ਲਈ ਆਪਣੇ ਕੀਮਤੀ ਸੁਝਾਅ ਪਾਠਕ ਜ਼ਰੂਰ ਭੇਜਣ।**

# ਵੇਖੀ-ਸੁਣੀ ਵੰਡ ਦੀ ਦਾਸਤਾਨ

✍-ਮਾਸਟਰ ਦਰਸ਼ਨ ਸਿੰਘ

ਪਾਕਿਸਤਾਨ ਬਣਨ ਤੋਂ ਪਹਿਲੋਂ ਸਾਡਾ ਪਰਿਵਾਰ ਗੁੱਜਰਾਂਵਾਲਾ ਜ਼ਿਲ੍ਹਾ, ਪਿੰਡ ਦਾ ਨਾਂ ਸੀ 'ਰਾਜਾ-ਤਮੋਲੀ'। ਅੱਜ-ਕੱਲ੍ਹ ਵੀ ਕਈ ਪਿੰਡਾਂ ਦੇ ਨਾਂ ਇੱਕਠੇ ਬੋਲੇ ਜਾਂਦੇ ਨੇ। ਇਸੇ ਤਰ੍ਹਾਂ ਰਾਜਾ ਅਤੇ ਤਮੋਲੀ ਦੋ ਪਿੰਡ ਸਨ, 'ਰਾਜਾ' ਪਿੰਡ ਦਾ ਤਾਂ ਮੈਂ ਜੰਮਪਲ ਹਾਂ, ਪਰ 'ਤਮੋਲੀ' ਪਿੰਡ ਮੈਂ ਨਹੀਂ ਵੇਖਿਆ, ਪਰ ਇਹ ਨਾਂ ਬੋਲੇ ਇੱਕਠੇ ਜਾਂਦੇ ਸਨ, 'ਰਾਜਾ-ਤਮੋਲੀ'। ਲਾਹੌਰ ਤੋਂ ਕਰਾਚੀ ਨੂੰ ਜਾਣ ਵਾਲੀ ਸੜਕ 'ਤੇ ਇੱਕ ਸਾਧੋਕੇ ਸਟੇਸ਼ਨ ਸੀ। ਉਹ ਸਟੇਸ਼ਨ ਵੀ ਸੀ ਅਤੇ ਅੱਡਾ ਵੀ ਸੀ। ਇਥੋਂ ਸਾਡਾ ਪਿੰਡ ਡੇਢ ਕੁ ਕਿਲੋਮੀਟਰ 'ਤੇ ਸੀ। ਉੱਥੋਂ ਲਾਗੋਂ ਇਕ ਨਹਿਰ ਵੀ ਨਿਕਲਦੀ ਸੀ, ਇਹ ਨਹਿਰ ਅੱਗੇ ਜਿੱਥੇ ਆਖਰੀ ਹੋਲਾ ਹੋਇਆ ਸੀ, ਸ਼ੇਖੂਪੁਰੇ-ਬੇਦਾਦ, ਉੱਥੇ ਜਾਂਦੀ ਸੀ।

ਸਾਡੇ ਪਿੰਡ ਵਿੱਚ ਕਾਫ਼ੀ ਪਰਿਵਾਰ ਨਾਮਧਾਰੀਆਂ ਦੇ ਸਨ। ਬਹੁਤੇ ਸਾਡੀ ਬਰਾਦਰੀ ਦੇ ਸਨ ਕੁਝ ਜ਼ਿਮੀਦਾਰਾਂ ਦੇ। ਜ਼ਿਮੀਂਦਾਰਾਂ ਦੇ ਪਰਿਵਾਰਾਂ ਵਿੱਚ ਕਰਤਾਰ ਕੌਰ ਬਾਜੀ ਸੁਪਤਨੀ ਸੋਹਣ ਸਿੰਘ ਹੁਰਾਂ ਦਾ ਪਰਿਵਾਰ ਵੀ ਸੀ। ਇਨ੍ਹਾਂ ਦਾ ਪਰਿਵਾਰ ਹੁਣ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਿਰਸਾ ਵਿੱਚ ਰਹਿੰਦਾ ਹੈ ਅਤੇ ਸਾਡੇ ਪਿੰਡ ਦੇ ਕੁਝ ਜ਼ਿਮੀਂਦਾਰ ਪਰਿਵਾਰ ਪਿੰਡ ਘਿਉਰੇ ਜ਼ਿਲ੍ਹਾ ਪਟਿਆਲਾ ਵਿੱਚ ਵੀ ਰਹਿੰਦੇ ਹਨ। ਬਹੁਤੀ ਅਬਾਦੀ ਸਾਡੇ ਪਿੰਡ ਵਿੱਚ ਮੁਸਲਮਾਨਾਂ ਦੀ ਸੀ। ਜ਼ਿੰਮੀਦਾਰਾਂ ਕੋਲ ਤਾਂ ਜ਼ਮੀਨ ਹੈ ਸੀ, ਪਰ ਅਸੀਂ ਸਾਰੇ ਸ਼ੇਖੂਪੁਰੇ ਦੇ ਸੇਠਾਂ ਦੀ ਜ਼ਮੀਨ ਵਾਹੁੰਦੇ ਸਾਂ। ਜਿਹੜੀ ਮੈਂ ਨਹਿਰ ਦੱਸਿਆ ਹੈ ਕਿ ਸਾਧੋਕਿਆਂ ਕੋਲੋਂ ਲੰਘਦੀ ਸੀ ਸ਼ੇਖੂਪੁਰਾ-ਬੇਦਾਦ ਜਾਂਦੀ ਸੀ, ਉਹਦੇ ਨਾਲ ਲਗਦੀ ਜ਼ਮੀਨ ਸਾਡੇ ਲੋਕ ਵਾਹੁੰਦੇ ਸਨ।

ਜਦੋਂ ਪਾਕਿਸਤਾਨ ਬਣਿਆ ਉਦੋਂ ਮੇਰੀ ਉਮਰ ੬ ਕੁ ਸਾਲਾਂ ਦੀ ਸੀ। ਮੈਨੂੰ ਆਪਣੇ ਆਲੇ-ਦੁਆਲੇ ਦੀ ਸੋਝੀ ਸੀ ਤੇ ਅਜੇ ਵੀ ਕਈ ਕੁਝ ਯਾਦ ਹੈ। ਮੈਨੂੰ ਅਖ਼ੀਰਲੇ ਹੋਲੇ ਦੀ ਥੋੜ੍ਹੀ-ਥੋੜ੍ਹੀ ਯਾਦ ਹੈ, ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ ਛਾਇਆ ਹੇਠ ਹੋਇਆ। ਇਹ ਹੋਲਾ ਸ਼ੇਖੂਪੁਰੇ-ਬੇਦਾਦ ਹੋਇਆ ਸੀ। ਜਦੋਂ ਰੌਲਾ ਪਿਆ ਉਦੋਂ ਪਹਿਲਾਂ ਅਸੀਂ ਥੋੜ੍ਹੇ-ਥੋੜ੍ਹੇ ਜੀਅ ਨਿਕਲੇ ਸਾਂ, ਸਵੇਰੇ-ਸਵੇਰੇ ਮੂੰਹ-ਹਨ੍ਹੇਰੇ। ਮੈਨੂੰ ਪਿੰਡ ਤਾਂ ਨਹੀਂ ਯਾਦ ਕਿਹੜੇ-ਕਿਹੜੇ ਪਿੰਡਾਂ ਵੱਲ ਨਿਕਲੇ ਸਾਂ। ਜਦੋਂ ਸੂਰਜ ਉੱਗਿਆ ਤਾਂ ਅੱਗੇ ਨਾਲੀ ਵਰਗੀ, ਜੀਹਨੂੰ ਡੇਕ ਕਹਿੰਦੇ ਸਨ, ਉਹ ਸੀ। ਅਸੀਂ ਅਜੇ ਉਰਲੇ ਪਾਸੇ ਸਾਂ ਅਤੇ ਉਸ ਤੋਂ ਪਰਲੇ ਪਾਸੇ ਮੁਸਲਮਾਨ ਸਨ। ਇਸ ਸਾਰੇ ਇਲਾਕੇ ਵਿੱਚ ਸਿੱਖ-ਹਿੰਦੂ ਹੈ ਤਾਂ ਸਨ, ਪਰ ਵਿਰਲੇ-ਵਿਰਲੇ ਸਨ। ਬਹੁਤੀ ਗਿਣਤੀ ਮੁਸਲਮਾਨਾਂ ਦੀ ਸੀ। ਮੁਸਲਮਾਨ ਪਰਲੇ ਪਾਸੇ ਬਰਛੀਆਂ ਲੈ ਕੇ ਖੜ੍ਹੇ ਸਨ। ਉਹਨਾਂ ਤੋਂ ਡਰ ਕੇ ਅਸੀਂ ਪਿਛਾਂਹ ਆ ਗਏ। ਇੱਥੇ ਇੱਕ ਸ਼ੇਖੂਪੁਰੇ ਦੇ ਨੇੜ੍ਹੇ ਸਿਆਲਾਂ ਵਾਲਾ ਖੂਹ ਸੀ, ਜਿਹੜਾ ਸੇਠਾਂ ਦੀ ਜ਼ਮੀਨ 'ਚ ਸੀ। ਉੱਥੇ ਅਸੀਂ ਸਾਰੇ ਆ ਕੇ ਬਹਿ ਗਏ। ਇਸ ਟੋਲੇ ਵਿੱਚ ਸਾਡੇ ਪਿੰਡ ਵਾਲੇ ਹੀ ਸਨ। ਦੁਪਹਿਰੇ ੧੨ ਕੁ ਵਜੇ ਦਾ ਟਾਈਮ ਹੋਵੇਗਾ, ਤੇ ਏਨੇ ਨੂੰ ਪਤਾ ਲੱਗਾ ਕਿ ਸ਼ੇਖੂਪੁਰੇ ਦੇ ਮੁਸਲਮਾਨ ਪੈਣ ਲਗੇ ਨੇ, ਇੱਧਰੋਂ ਪਤਾ ਲੱਗਾ ਕਿ ਜਿਹੜੀ ਸੜਕ ਲਾਹੌਰ ਤੋਂ ਕਰਾਚੀ ਨੂੰ ਜਾਂਦੀ ਏ ਉਸਤੋਂ ਫੌਜੀਆਂ ਦੇ ਟਰੱਕ ਜਾ ਰਹੇ ਹਨ। ਸਾਡੇ ਪਰਿਵਾਰ ਵਿੱਚੋਂ ਮੈਂ ਤੇ ਮੇਰੇ ਪਿਤਾ ਜੀ ਸ. ਸਰਦੂਲ ਸਿੰਘ ਹੁਰੀਂ ਸਨ ਤੇ ਬਾਕੀ ਸਾਰੇ ਜੀਅ ਘਰ ਸਨ ਕਿ ਅਸੀਂ ਸੋਚਿਆ ਸੀ ਕਿ ਇਥੋਂ ਹੋ ਕੇ ਵਾਪਸ ਆ ਹੀ ਜਾਣੈ। ਸਿਆਲਾਂ ਵਾਲੇ ਖੂਹ ਤੋਂ ਚੱਲ ਕੇ ਨਹਿਰੇ-ਨਹਿਰ ਜਾਣ ਲੱਗੇ। ਪਹਿਲਾਂ ਮੇਰੇ ਪਿਤਾ ਜੀ ਨੇ ਮੈਨੂੰ ਚੁੱਕਿਆ ਸੀ, ਫਿਰ ਉਹਨਾਂ ਨੂੰ ਮੈਂ ਕਿਹਾ ਮੈਨੂੰ ਛੱਡ ਦਉ। ਮੈਂ ਭੱਜ ਕੇ ਇਹਨਾਂ ਸਾਰਿਆਂ ਤੋਂ, ਸੰਤ ਗਿਆਨਾ ਸਿੰਘ, ਕਰਤਾਰ ਕੌਰ ਬਾਜੀ, ਪਿਤਾ ਜੀ ਆਦਿ ਤੋਂ ਅੱਗੇ ਲੰਘ ਗਿਆ।

ਸੰਤ ਗਿਆਨਾ ਸਿੰਘ ਜੀ ਦਾ ਸਾਡੇ ਪਿੰਡ ਕਾਫੀ ਆਉਣ-ਜਾਣ ਸੀ। ਇਹ ਸੰਤ ਵਾਰੇ ਵਾਲੇ ਕਰਕੇ ਵੀ ਜਾਣੇ ਜਾਂਦੇ ਹਨ। ਸਭ ਤੋਂ ਪਹਿਲਾਂ ਇਹਨਾਂ ਹੀ ਵਾਰਾ ਲਾਉਣਾ ਸ਼ੁਰੂ ਕੀਤਾ ਸੀ, ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ। ਸੰਤ ਪ੍ਰੀਤਮ ਸਿੰਘ, ਸੰਤ ਦਲੀਪ ਸਿੰਘ ਆਦਿ ਬਾਅਦ ਵਿੱਚ ਵਾਰਾ ਲਾਉਣ ਲੱਗੇ। ਚੌਰ ਵੀ ਇਹੀ ਸੰਤ, ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਕਰਦੇ ਹੁੰਦੇ ਸਨ।

ਅਸੀਂ ਸਿੱਧੇ ਫਿਰ ਸਾਧੋਕੇ ਟੇਸ਼ਨ 'ਤੇ ਗਏ। ਪਰਿਵਾਰ ਦੇ ਬਾਕੀ ਸਾਰੇ ਜੀਅ ਘਰ ਸਨ। ਸਾਡੇ ਸੜਕ 'ਤੇ ਪਹੁੰਚਦਿਆਂ ਨੂੰ ਉਥੇ ਟਰੱਕ ਖਲੋਤਾ ਸੀ। ਇਸ ਟਰੱਕ 'ਚ ਮੈਨੂੰ ਸੰਤ ਗਿਆਨਾ ਸਿੰਘ ਜੀ ਨੇ ਜਾਂ ਸ਼ਾਇਦ ਜ. ਮੇਵਾ ਸਿੰਘ ਦੀ ਮਾਤਾ ਨੇ ਫੜ੍ਹ ਕੇ ਚੜ੍ਹਾਇਆ। ਇਹਨਾਂ ਫੌਜੀਆਂ ਦੇ ਲੰਘ ਰਹੇ ਟਰੱਕਾਂ ਦਾ ਪਿੰਡ ਵਾਲਿਆਂ ਨੂੰ ਜਦੋਂ ਪਤਾ ਲੱਗਾ ਤਾਂ ਕੁੱਝ ਲੋਕ ਟਰੱਕਾਂ 'ਤੇ ਚੜ੍ਹਨ ਲਈ ਸੜਕ ਤੇ ਆ ਗਏ। ਜਿਨ੍ਹਾਂ ਵਿੱਚ ਮੇਰੀ ਮਾਤਾ 'ਤੇ ਮੇਰੀ ਛੋਟੀ ਭੈਣ ਵੀ ਸੀ। ਦੂਸਰੇ ਸਰੀਰਾਂ ਦੇ ਨਾਲ ਅਸੀਂ ਟਰੱਕਾਂ 'ਤੇ ਚੜ ਗਏ ਪਰ ਕੁੱਝ ਸਰੀਰ ਟਰੱਕਾਂ 'ਤੇ ਨਾ ਚੜ ਸਕੇ। ਜਿਨ੍ਹਾਂ ਨੂੰ ਵਾਪਸ ਪਿੰਡ ਜਾਣਾ ਪਿਆ। ਉਹਨਾਂ ਵਿੱਚ ਮੇਰੀ ਮਾਤਾ ਵੀ ਸੀ। ਅਸੀਂ ਤਿੰਨੇ ਏਸ ਟਰੱਕ 'ਚ ਚੜ੍ਹ ਗਏ, ਮੈਂ, ਮੇਰੀ ਭੈਣ ਤੇ ਮੇਰੇ ਪਿਤਾ ਜੀ। ਅਸੀਂ ਗੁੱਜਰਾਂਵਾਲੇ ਕੈਂਪ 'ਚ ਚਲੇ ਗਏ। ਇਸ ਕੈਂਪ 'ਚ ਅਸੀਂ ਥੋੜ੍ਹੇ ਜੀਅ ਹੀ ਆਏ ਸਾਂ, ਬਾਕੀ ਸਾਡੇ ਜੀਅ ਪਿੰਡ ਹੀ ਸਨ। ਇਹ ਸਾਰੇ ਅਗਲੇ ਦਿਨ ਨਿਕਲੇ। ਮਗਰੋਂ ਪਿੰਡ ਵਾਲੇ ਮੁਸਲਮਾਨਾਂ ਸਾਡੇ ਘਰਾਂ 'ਚੋਂ ਸਮਾਨ ਵੀ ਚੁੱਕ ਲਿਆ ਸੀ ਤੇ ਡੰਗਰ ਵੀ ਖੋਲ੍ਹ ਲਏ ਸਨ।

ਕਾਫਲੇ ਦੇ ਰੂਪ ਵਿੱਚ ਦੂਜੇ ਦਿਨ ਜਦੋਂ ਇਹ ਸਾਰੇ ਸਰੀਰ ਮੇਰੇ ਦਾਦਾ ਜੀ, ਮੇਰੀ ਦਾਦੀ ਜੀ, ਮੇਰੇ ਮਾਤਾ ਜੀ, ਮੇਰੀ ਦਾਦੀ ਦੀ ਭੈਣ ਤੇ ਹੋਰ ਪਿੰਡ ਵਾਲੇ ਨਿਕਲੇ ਤੇ ਰਾਹ 'ਚ ਇਹਨਾਂ ਨੂੰ ਮੁਸਲਮਾਨ ਮਿਲੇ ਤੇ ਇਹਨਾਂ ਕੋਲੋਂ ਉਹਨਾਂ ਦਾ ਸਾਰਾ ਸਮਾਨ ਪੈਸੇ,ਕੱਪੜੇ, ਗਹਿਣੇ,ਹਥਿਆਰ ਆਦਿ ਖੋਹ

ਲਏ। ਇਕ ਸੰਤ ਸਨ, ਗੁਰਦਿਆਲ ਸਿੰਘ ਰਾਏਸਰ ਵਾਲਿਆਂ ਦੇ ਦਾਦੇ ਦੇ ਭਰਾ, ਉਹਨਾਂ ਦਾ ਨਾਂ ਸੀ ਸਰਦਾਰਾ ਸਿੰਘ ਜੀ ਹਕੀਮ। ਮੈਂ ਉਹਨਾਂ ਦੇ ਦਰਸ਼ਨ ਚੰਗੀ ਤਰ੍ਹਾਂ ਕੀਤੇ ਹਨ, ਉਹਨਾਂ ਦਾ ਬਹੁਤ ਵਧੀਆ ਸੁਭਾਅ, ਰੰਗ ਗੋਰਾ ਅਤੇ ਕੱਦ ਥੋੜਾ ਜਿਹਾ ਮਧਰਾ ਸੀ। ਉਹਨਾਂ ਦੇ ਨਾਲ ਸਾਡੀ ਬਰਾਦਰੀ ਦਾ ਸੰਤੋਖ ਸਿੰਘ ਉਹਨਾਂ ਦਾ ਚੇਲਾ ਸੀ। ਇਹ ਦੋਵੇਂ ਕਾਫਲੇ ਨਾਲੋਂ ਕੁਝ ਵੱਖਰੇ ਟੁਰਦੇ ਜਾਂਦੇ ਸਨ ਕਿ ਸਾਨੂੰ ਕਿਸੇ ਨੇ ਕੀ ਕਹਿਣਾ ਹੈ? ਪਰ ਇਹਨਾਂ ਨੂੰ ਮੁਸਲਮਾਨ ਬਾਕੀਆਂ ਨਾਲੋਂ ਪਹਿਲਾਂ ਮਿਲੇ। ਸੰਤ ਸਰਦਾਰਾ ਸਿੰਘ ਹਕੀਮ ਹੁਰਾਂ ਕੋਲ ਇੱਕ ਗੜਵਾ ਪੈਸਿਆਂ ਦਾ ਭਰਿਆ ਸੀ, ਮੁਸਲਮਾਨਾਂ ਨੇ ਪਿੱਛਾ ਕੀਤਾ ਤਾਂ ਸੰਤਾਂ ਨੇ ਗੜਵਾ ਮੂਧਾ ਕਰ ਦਿੱਤਾ ਉਹਨਾਂ ਪੈਸੇ ਚੁੱਕ ਲਏ। ਫਿਰ ਵੀ ਇਹਨਾਂ ਦੋਹਾਂ ਦਾ ਪਿੱਛਾ ਕਰਕੇ ਇਹਨਾਂ ਨੂੰ ਮਾਰ ਦਿੱਤਾ। ਬਾਕੀ ਸਾਰੇ ਸਤੀਆਂ ਦੇ ਡੇਰੇ ਪਹੁੰਚ ਗਏ।

ਇਸ ਸਤੀਆਂ ਦੇ ਡੇਰੇ 'ਤੇ ਮੇਲਾ ਲੱਗਦਾ ਹੁੰਦਾ ਸੀ, ਸਾਡੇ ਪਿੰਡੋਂ ਵੀ ਲੋਕ ਮੇਲੇ 'ਤੇ ਆਉਂਦੇ ਹੁੰਦੇ ਸਨ। ਉੱਥੇ ਇਕ ਖੂਹ ਵੀ ਸੀ, ਜਦੋਂ ਇਹ ਸਾਰੇ ਉੱਥੇ ਰੁਕ ਕੇ ਰੋਟੀ-ਪਾਣੀ ਖਾਣ ਲੱਗੇ ਤਾਂ ਉੱਥੇ ਓਨੇ ਚਿਰ ਨੂੰ ਮੁਸਲਮਾਨ ਆ ਗਏ। ਉਹ ਕਹਿਣ ਲਗੇ, "ਆ ਗਊ ਏ ਇਸਨੂੰ ਮਾਰ ਕੇ ਖਾਓ, ਤੇ ਮੁਸਲਮਾਨ ਬਣੋ, ਨਹੀਂ ਤੇ ਮਾਰ ਦਿਆਂਗੇ।"

ਮੇਰੇ ਦਾਦਾ ਜੀ ਮਹੰਤ ਸਨ, ਸਤਿਗੁਰਾਂ ਵੱਲੋਂ ਉਹਨਾਂ ਨੂੰ ਮਹੰਤੀ ਮਿਲੀ ਸੀ, ਉਹਨਾਂ ਦਾ ਨਾਂ ਮਹੰਤ ਕੇਸਰ ਸਿੰਘ ਸੀ। ਉਹਨਾਂ ਮੁਸਲਮਾਨਾਂ ਨੂੰ ਅਖਿਆ ਕਿ ਅਸੀਂ ਸਲਾਹ ਕਰਕੇ ਦੱਸਦੇ ਹਾਂ। ਮੇਰੇ ਦਾਦਾ ਜੀ ਨੇ ਬਾਕੀ ਸਾਰਿਆਂ ਨੂੰ ਇਹ ਆਖਿਆ ਕਿ "ਇਹਨਾਂ ਮਾਰ ਸਾਨੂੰ ਫਿਰ ਵੀ ਦੇਣੈ, ਮੁਸਲਮਾਨ ਕਰਕੇ ਵੀ, ਜੇ ਨਾ ਮਾਰਿਆ, ਅਸੀਂ ਜਿਉਂਦੇ ਤੇ ਫਿਰ ਵੀ ਨਹੀਂ ਰਹਿਣਾ।" ਸਲਾਹ ਕਰਕੇ ਸਾਰਿਆਂ ਉਹਨਾਂ ਨੂੰ ਜਵਾਬ ਦੇ ਦਿੱਤਾ ਕਿ ਅਸੀਂ ਨਹੀਂ ਤੁਹਾਡੀ ਗੱਲ ਮੰਨਣੀ। ਤੁਸੀਂ ਜੋ ਕਰਨਾ, ਕਰੋ। ਉਹਨਾਂ ਜਵਾਨ ਔਰਤਾਂ ਨੂੰ ਅਲੱਗ ਕਰ ਲਿਆ, ਜਿਨ੍ਹਾਂ ਦੀ ਗਿਣਤੀ ੮-੧੦ ਹੋਵੇਗੀ, ਜਿਨ੍ਹਾਂ ਵਿੱਚ ਮੇਰੀ ਮਾਤਾ ਵੀ ਸਨ ਤੇ ਬਾਕੀਆਂ ਨੂੰ ਉਹ ਵੱਢਣ-ਟੁੱਕਣ ਲੱਗ ਪਏ। ਵੱਢੇ-ਟੁੱਕੇ ਜਾਣ ਵਾਲਿਆਂ ਵਿੱਚ ਮੇਰੀ ਦਾਦੀ ਵੀ ਸੀ ਤੇ ਮੇਰੀ ਦਾਦੀ ਦੀ ਭੈਣ ਵੀਰ ਕੌਰ ਵੀ, ਮੇਰੀ ਦਾਦੀ ਦਾ ਨਾਂ ਜਿਓਣ ਕੌਰ ਸੀ। ਮੇਰੀ ਦਾਦੀ ਦੀ ਭੈਣ ਨੂੰ ਅੱਖੋਂ ਦਿਸਦਾ ਨਹੀਂ ਸੀ, ਜਦੋਂ ਉਹ ਪੰਜਾਂ ਸੱਤਾਂ ਸਾਲਾਂ ਦੀ ਹੀ ਸੀ, ਓਦੋਂ ਉਹ ਕਿਸੇ ਦੀ ਜੰਞ ਵੇਖ ਕੇ ਆਈ, ਡਿਉਢੀ ਤੋਂ ਲੰਘਦਿਆਂ ਅਚਾਨਕ ਉਹਦੀ ਇੱਕ ਅੱਖ ਬੰਦ ਹੋ ਗਈ, ਉਸਦਾ ਇਲਾਜ ਕਰਾਉਂਦਿਆਂ-ਕਰਾਉਂਦਿਆਂ ਦੂਜੀ ਅੱਖ ਵੀ ਬੰਦ ਹੋ ਗਈ ਸੀ। ਇਹ ਫਿਰ ਆਪਣੀ ਭੈਣ(ਮੇਰੀ ਦਾਦੀ) ਕੋਲ ਹੀ ਰਹੀ। ਉਹਨਾਂ ਨੂੰ ਗੁਰਬਾਣੀ ਬੜੀ ਯਾਦ ਸੀ, ਆਹ ਜਿਹੜੀ ਕਿਰਪਾ ਗੁਰਬਾਣੀ ਵਾਲੀ ਮੇਰੇ ਤੇ ਕੀਤੀ ਹੋਈ ਏ, ਏਹ ਉਹਨਾਂ ਹੀ ਕੀਤੀ ਏ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਬਾਰੇ ਤਾਂ ਮੇਰੇ ਕੋਲ ਕੋਈ ਸ਼ਬਦ ਹੀ ਨਹੀਂ ਹਨ। ਅਸੀਂ ਕਦੀ ਵੀ ਕੋਈ ਇਹ ਵਿਤਕਰਾ ਨਹੀਂ ਸੀ ਕੀਤਾ, ਨਾ ਘਰ ਵਿੱਚ ਹੁੰਦਿਆਂ ਵੇਖਿਆ ਕਿ ਇਹ ਦਾਦੀ ਹੈ ਤੇ ਇਹ ਦਾਦੀ ਦੀ ਭੈਣ ਹੈ। ਆਪਣੀ ਦਾਦੀ ਦੀ ਤਰ੍ਹਾਂ ਹੀ ਅਸੀਂ ਉਨ੍ਹਾਂ ਦੀ ਸੇਵਾ ਕੀਤੀ। ਉਹਨਾਂ ਦਾ ਸੁਭਾਅ ਵੀ ਬਹੁਤ ਵਧੀਆ ਸੀ, ਬਾਣੀ ਪਤਾ ਨਹੀਂ ਉਨ੍ਹਾਂ ਨੂੰ ਏਨੀਂ ਕਿਵੇਂ ਯਾਦ ਸੀ, ਅਜੇ ਉਹਨਾਂ ਨੂੰ ਅੱਖੋਂ ਦਿਸਦਾ ਵੀ ਨਹੀਂ ਸੀ।

ਉੱਥੇ ਸਤੀਆਂ ਵਾਲੇ ਡੇਰੇ 'ਤੇ ਜਿਹੜਾ ਖੂਹ ਸੀ, ਉਹ ਹਲਟ ਵਾਲਾ ਸੀ, ਜਦੋਂ ਉਹ ਮੁਸਲਮਾਨ ਵੱਢ-ਟੁੱਕ ਕਰਦੇ ਪਏ ਸਨ ਤਾਂ ਮੇਰੇ ਦਾਦਾ ਜੀ ਨਜ਼ਰ ਬਚਾ ਕੇ ਕੋਲ ਇੱਕ ਪਿੱਪਲ 'ਤੇ ਚੜ੍ਹ ਗਏ, ਸਾਰਾ ਕੁਝ ਵਿੰਹਦੇ ਰਹੇ। ਜਦੋਂ ਮੁਸਲਮਾਨ ਉਥੋਂ ਤੁਰਨ ਲੱਗੇ ਤਾਂ ਉਹਨਾਂ ਦਾ ਧਿਆਨ ਪਿੱਪਲ 'ਤੇ ਪੈ ਗਿਆ ਕਿ ਔਹ ਸਿੱਖੜਾ ਦਰੱਖਤ 'ਤੇ ਬੈਠਾ ਜੇ, ਉਨ੍ਹਾਂ ਕਿਹਾ, "ਥੱਲੇ ਆ ਉਏ ਸਿੱਖੜਿਆ!" ਮੇਰੇ ਦਾਦਾ ਜੀ ਦੱਸਦੇ ਸਨ, "ਉਸ ਵੇਲੇ ਮੈਨੂੰ ਗੁਰੂ ਨੇ ਜਣਾਇਆ, ਮੈਂ ਉੱਤੋਂ ਉੱਤਰਦਿਆਂ, ਖੂਹ ਦੇ ਲਾਗੇ ਪੜਾਣੇ ਤੋਂ ਨੀਵਾਂ ਥਾਂ ਸੀ, ਮੈਂ ਉਥੇ ਉਚੇ ਥਾਂ 'ਤੇ ਖਲੋਤੇ ਦੋ ਮੁਸਲਮਾਨਾਂ, ਜਿਨ੍ਹਾਂ ਦਾ ਮੂੰਹ ਖੂਹ ਵੱਲ ਸੀ ਤੇ ਮੈਂ ਉਹਨਾਂ ਨੂੰ ਨੀਵੇਂ ਪਾਸੇ ਵੱਲ ਧੱਕਾ ਦੇ ਕੇ ਖੂਹ ਵਿੱਚ ਛਾਲ ਮਾਰ ਦਿੱਤੀ, ਟਿੰਡਾਂ ਵਾਲਾ ਖੂਹ ਸੀ ਮੈਨੂੰ ਕੁਝ ਨਹੀਂ ਹੋਇਆ। ਉਹ ਵੱਟੇ-ਵੁੱਟੇ ਮਾਰ ਕੇ ਥੋੜੀ ਦੇਰ ਬਾਅਦ ਟੁਰ ਗਏ। ਸ਼ਾਮ ਦਾ ਵੇਲਾ ਸੀ। ਜਦੋਂ ਉਹ ਟੁਰ ਗਏ, ਮੇਰੇ ਦਾਦਾ ਜੀ ਦੱਸਦੇ ਸਨ ਕਿ ਫਿਰ ਮੈਂ ਹੋਲੀ-ਹੋਲੀ ਬਾਹਰ ਨਿਕਲਿਆ। ਬਾਹਰ ਮੇਰੇ ਪਿੰਡ ਦੇ ਲੋਕ ਵੱਢੇ-ਟੁੱਕੇ ਪਏ ਸਨ, ਜੀਹਦੇ ਤੇ ਕੋਈ ਕਪੜਾ-ਲੀੜਾ ਪਾ ਸਕਦਾ ਸਾਂ, ਪਾ ਕੇ ਮੈਂ ਉੱਥੋਂ ਚਲਾ ਗਿਆ।

ਰਸਤੇ ਵਿੱਚ ਫਿਰ ਮੁਸਲਮਾਨ ਮਿਲ ਗਏ। ਮੈਨੂੰ ਉਹ ਆਪਣੇ ਪਿੰਡ ਲੈ ਗਏ। ਉਹਨਾਂ ਕਿਹਾ ਤੂੰ ਮੁਸਲਮਾਨ ਹੋ। ਮੈਂ ਨਾਂਹ ਕਰ ਦਿੱਤੀ। ਸਾਰਾ ਪਿੰਡ ਇਕੱਠਾ ਕਰ ਲਿਆ ਤੇ ਮੈਨੂੰ ਲੰਮਿਆਂ ਪਾ ਲਿਆ ਜਿਵੇਂ ਲੋਕ ਕਿਸੇ ਮਦਾਰੀ ਦਾ ਤਮਾਸ਼ਾ ਦੇਖਣ ਲਈ ਇਕੱਠੇ ਹੋਏ ਹੁੰਦੇ ਹਨ। ਬੁੱਢੇ-ਬਾਲਿਆਂ ਦੀ ਚੌਫੇਰੇ ਭੀੜ ਲੱਗ ਗਈ। ਮੈਨੂੰ ਮਾਰਨ ਵਾਸਤੇ ਤਿਆਰ ਹੋ ਗਏ। ਮੈ ਅਰਦਾਸ ਕੀਤੀ ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ, ਸਤਿਗੁਰੂ ਪ੍ਰਤਾਪ ਸਿੰਘ ਜੀ ਮੇਰੀ ਸਿੱਖੀ ਕੇਸਾਂ, ਸਵਾਸਾਂ ਨਾਲ ਨਿਭ ਜਾਵੇ। ਕੁਦਰਤੀ ਏਨੇ ਚਿਰ ਨੂੰ ਇਕ ਬੜੀ ਜੁਅਰਤ ਵਾਲਾ ਬਜ਼ੁਰਗ ਮੁਸਲਮਾਨ ਸੀ, ਉਹ ਆ ਗਿਆ। ਓਨੇ ਆ ਕੇ ਆਖਿਆ, "ਕੀ ਕਰਨ ਲਗੇ ਓ?" "ਅਖੇ ਇਹ ਮੁਸਲਮਾਨ ਨਹੀਂ ਹੁੰਦਾ।" ਉਹਨੇ ਆਖਿਆ, "ਜੇ ਤੁਸੀਂ ਏਨਿਆਂ ਨੂੰ ਮੁਸਲਮਾਨ ਬਣਾਇਆ ਏ ਤੇ ਤੁਹਾਡਾ ਦੀਨ ਨਹੀਂ ਵਧਿਆ, ਤੇ ਏਦੇ ਇੱਕ ਨਾਲ ਕੀ ਹੋ ਜਾਵੇਗਾ।" ਓਨੇ ਉਹਨਾਂ ਨੂੰ ਨਹੀਂ ਫਿਰ ਪੁੱਛਿਆ, ਤੇ ਕਿਹਾ, "ਸਿੱਖਾ ਉੱਠ ਪਓ।" ਮੈਂ ਉਠ ਬੈਠਾ। ਬਾਕੀ ਪਰ੍ਹਾਂ ਹੋ ਗਏ। ਲਾਗੇ ਡੇਕ ਵਗਦੀ ਸੀ, ਜਿਵੇਂ ਨਾਲੀ ਹੁੰਦੀ ਹੈ। ਧੜਲੇਦਾਰ ਮੁਸਲਮਾਨ ਕਹਿਣ ਲੱਗਾ, "ਸਿੱਖਾ ਤਰਨਾ ਜਾਨਦਾ ਏਂ?" ਮੈਂ ਕਿਹਾ "ਜਾਣਦਾਂ।" ਮੈਂ ਤਰ ਕੇ ਦੂਜੇ ਪਾਸੇ ਤੁਰ ਗਿਆ। ਮੇਰੇ ਦਾਦਾ ਜੀ ਦੱਸਦੇ ਸਨ ਕਿ ਥੋੜ੍ਹਾ-ਥੋੜ੍ਹਾ ਦਿਨ ਅਜੇ ਹੈ ਸੀ, ਤੇ ਥੋੜ੍ਹਾ ਦੂਰ ਹੀ ਗਿਆ ਸਾਂ। ਅਗੋਂ ਮੁਸਲਮਾਨ ਫਿਰ ਮਿਲ ਗਏ। ਉਹਨਾਂ ਰੋਕ ਲਿਆ। ਏਨੇ ਨੂੰ ਦੂਰੋਂ ਇਕ ਮੁਸਲਮਾਨ ਭੱਜਿਆ-ਭੱਜਿਆ

ਆਇਆ। ਉਹ ਸਾਡੇ ਪਿੰਡ ਪਟਵਾਰੀ ਲੱਗਾ ਸੀ। ਕਹਿੰਦਾ, "ਮਹੰਤਾ ਤੂੰ ਕਿਥੇ?" ਉਹ ਜਾਣੂ ਸੀ ਮੇਰਾ। ਉਹ ਕਹਿਣ ਉਹਨਾਂ ਮੁਸਲਮਾਨਾਂ ਨੂੰ ਕਹਿਣ ਲੱਗਾ ਕਿ "ਇਹ ਬੰਦਾ ਮੇਰਾ ਏ, ਤੁਸੀਂ ਜਾਓ ਆਪਣੇ ਘਰਾਂ ਨੂੰ, ਏਸਦੇ ਨਾਲ ਮੈਂ ਆਪੇ ਗੱਲ ਕਰ ਲੈਂਦਾ ਹਾਂ।"

ਪਹਿਲਾਂ ਲੋਕੀ ਬਾਹਰ ਹੀ ਪੈਲੀ ਤੇ ਮਾਲ ਰੱਖਦੇ ਹੁੰਦੇ ਸਨ, ਉਥੇ ਹੀ ਚਰਾਂਦਾਂ ਹੁੰਦੀਆਂ ਸਨ। ਲੋਕੀਂ ਉਥੇ ਮਾਲ ਡੰਗਰ ਚਾਰ ਲੈਂਦੇ ਸਨ। ਉਥੇ ਮੈਨੂੰ ਲੈ ਗਿਆ, ਹਾਲ-ਚਾਲ ਪੁੱਛਿਆ। ਉਥੇ ਮੈਨੂੰ ਬਿਠਾ ਕੇ ਪਟਵਾਰੀ ਆਪ ਪਿੰਡ ਚਲਾ ਗਿਆ ਤੇ ਆਪਣੇ ਮੁੰਡੇ ਨੂੰ ਕਹਿਣ ਲੱਗਾ ਕਿ "ਜੇ ਕੋਈ ਆਇਆ ਤੇ ਉਹਨੂੰ ਕਵ੍ਹੀਂ ਮੇਰਾ ਅੱਬਾ ਬਿਠਾ ਕੇ ਗਿਆ ਏ ਇਸਨੂੰ, ਤੇ ਮੈਂ ਆਕੇ ਆਪੇ ਕੁਝ ਕਰਾਂਗਾ।"

ਉਹਦੇ ਪਿੰਡ ਜਾਣ ਮਗਰੋਂ ਉਥੇ ਦੋ ਮੁਸਲਮਾਨ ਹੋਰ ਆ ਗਏ। ਕਹਿੰਦੇ, "ਓਏ ਆ ਤੁਸੀਂ ਸਿੱਖੜਾ ਅੰਦਰ ਬਹਾਇਆ ਏ।" ਮੁੰਡਾ ਕਹਿੰਦਾ, "ਮੇਰਾ ਅੱਬਾ ਬਾਹ ਕੇ ਗਿਐ, ਤੁਸੀਂ ਬਹਿ ਜਉ, ਜਦੋਂ ਆਵੇਗਾ ਤੁਸੀਂ ਗੱਲ ਕਰ ਲਿਓ।" ਉਹ ਪਰਾਂ ਹੋ ਕੇ ਹੁੱਕਾ ਪੀਣ ਲੱਗ ਪਏ।

ਮੇਰੇ ਦਾਦਾ ਜੀ ਆਂਹਦੇ ਨੇ ਮੈ ਸੋਚਿਆ, "ਇਹ ਵੀ ਮੁਸਲਮਾਨ ਨੇ ਮਾਰਨ ਵਾਲੇ, ਤੇ ਬਚਾਉਣ ਵਾਲਾ ਵੀ ਮੁਸਲਮਾਨ ਐ। ਇਹਨਾਂ ਦਾ ਕੀ ਪਤਾ ਇਹਨਾਂ ਕੀ ਕਰਨਾ ਏ। ਇਹਨਾਂ ਦੇ ਹੱਥੋਂ ਮਰਨ ਨਾਲੋਂ ਮੈਂ ਡੁੱਬ ਕੇ ਮਰ ਜਾਵਾਂ ਤਾਂ ਚੰਗੈ। ਉਹ ਹੌਲੀ-ਹੌਲੀ ਉਥੋਂ ਅੱਖ ਬਚਾ ਕੇ ਨਿਕਲ ਆਏ।" ਕਹਿੰਦੇ(ਮੇਰੇ ਦਾਦਾ ਜੀ) ਮੈਂ ਸੋਚਿਆ, "ਮੈਂ ਤਰਨਾ ਜਾਣਦਾਂ, ਜੇ ਮੈਂ ਛਾਲ ਮਾਰੀ ਮੈਂ ਡੁੱਬਣਾ ਨਹੀਂ।" "ਉਹਨਾਂ ਦੇ ਡੰਗਰ ਚਰਨ ਗਏ ਹੋਏ ਸਨ, ਉਹਨਾਂ ਦੀਆਂ ਖੁਰਲੀਆਂ ਤੋਂ ਰੱਸੇ ਖੋਲ੍ਹ ਲਏ, ਮੈਂ ਆਪਣੇ ਦੋਵੇਂ ਪੈਰ ਬੰਨ ਲਏ, ਇਕ ਹੱਥ ਵੀ ਬੰਨ੍ਹ ਲਿਆ।" ਸੋਚਿਆ ਇਹ ਕਿ "ਨਾਲ ਹੀ ਵਗਦੀ ਨਾਲੀ ਵਿੱਚ ਡੁੱਬ ਕੇ ਮਰ ਜਾਂਦਾ ਹਾਂ।" ਦੂਜਾ ਹੱਥ ਬੰਨ੍ਹ ਰਿਹਾ ਸੀ। ਏਨੇ ਨੂੰ ਉਹ ਪਟਵਾਰੀ ਆ ਗਿਆ। ਆਂਹਦਾ(ਪਟਵਾਰੀ), "ਤੈਨੂੰ ਕੀ ਗੱਲ ਏ?" ਆਂਹਦੇ ਨੇ(ਦਾਦਾ ਜੀ), "ਔਹ ਵੇਖ, ਤੇਰੇ ਅੰਦਰ ਮੁਸਲਮਾਨ ਬੈਠੇ ਨੇ।" ਆਂਹਦਾ(ਪਟਵਾਰੀ), "ਕੋਈ ਗੱਲ ਨਹੀਂ, ਉਹ ਤੈਨੂੰ ਕੁਝ ਨਹੀਂ ਕਹਿੰਦੇ, ਮੈਂ ਤੇਰੇ ਨਾਲ ਆਂ।" ਆਂਹਦੇ ਨੇ (ਦਾਦਾ ਜੀ), "ਮੇਰੇ ਹੱਥ-ਪੈਰ ਉਹਨੇ ਹੀ ਖੋਲ੍ਹੇ ਸੀ ਆਪ।" ਪਟਵਾਰੀ ਦਾਦਾ ਜੀ ਨੂੰ ਡੇਰੇ 'ਤੇ ਲੈ ਗਿਆ, ਉਹਨਾਂ ਮੁਸਲਮਾਨਾਂ ਨੂੰ ਜਾ ਕੇ ਮੋੜ ਦਿੱਤਾ, ਜੋ ਉੱਥੇ ਬੈਠੇ ਸਨ। ਉਹਨਾਂ ਨੂੰ ਕਿਹਾ ਕਿ, "ਇਹ ਮੇਰੇ ਘਰ ਆਇਐ, ਮੈਂ ਮੁਸਲਮਾਨ ਬਣਾਵਾਂ, ਨਾ ਬਣਾਵਾਂ, ਤੁਹਾਨੂੰ ਕੀ?" ਉਹ ਦੋਵੇਂ ਮੁਸਲਮਾਨ ਚਲੇ ਗਏ।

ਇਹ ਫਿਰ ਆਂਹਦੇ ਨੇ (ਦਾਦਾ ਜੀ), "ਮੈਂ ਫਿਰ ਉੱਥੋਂ ਰਾਤ ਨੂੰ ਨਿਕਲਿਆ, ਇਹ ਸੋਚਿਆ ਕਿ ਪਹਿਲਾਂ ਇਕ ਵਾਰ ਪਿੰਡ ਜਾਂਦਾ ਹਾਂ। ਮੈਂ ਰਾਤ ਨੂੰ ਉਥੋਂ ਟੁਰਿਆ, ਕੁਝ ਨਾ ਪਤਾ ਲੱਗੇ। ਬੱਦਲ ਲਿਸ਼ਕਿਆ ਤੇ ਇੱਕ ਚੁਬਾਰਾ ਦਿਸਿਆ, ਮੈਂ ਸੋਚਿਆ, ਇਹ ਪਿੰਡ ਤੇ ਹੋਰ ਏ। ਲਾਗੇ ਨਹਿਰ ਵਗਦੀ ਸੀ, ਓਹਦੇ 'ਚ ਘਾਹ ਪੁੱਟ ਕੇ ਸੁੱਟਿਆ ਤੇ ਇਹ ਸੋਚਿਆ ਕਿ ਜਿਧਰ ਪਾਣੀ ਜਾਂਦਾ ਏ ਉਧਰ ਸਾਡਾ ਪਿੰਡ ਏ। ਰਾਤੋ-ਰਾਤ ਪਿੰਡ ਪਹੁੰਚਿਆ ਜਾ ਕੇ ਕਾਸਮ ਨੰਬਰਦਾਰ ਨੂੰ ਮਿਲਿਆ। ਉਹਨੂੰ ਜਾ ਕੇ ਸਾਰਾ ਹਾਲ ਦੱਸਿਆ।"

ਇਧਰੋਂ ਜਿਹੜੀਆਂ ਜਨਾਨੀਆਂ ੮-੧੦, ਮੁਸਲਮਾਨ ਫੜ ਕੇ ਲੈ ਗਏ ਸਨ। ਉਹਨਾਂ ਦੀਆਂ ਉਹਨਾਂ ਵੰਡੀਆਂ ਪਾ ਲਈਆਂ। ਜਨਾਨੀਆਂ ਨੇ ਕਿਹਾ ਕੇ ਤੁਸੀਂ ਜੇ ਸਾਡੀ ਗੱਲ ਮੰਨੋ, ਤੇ ਸਾਨੂੰ ਸਾਡੇ ਪਿੰਡ ਪੁਚਾ ਦਿਓ, ਅਸੀਂ ਹੁਣ ਹਿੰਦੋਸਤਾਨ ਤਾਂ ਜਾ ਨਹੀਂ ਸਕਦੀਆਂ, ਅਸੀਂ ਉਥੇ ਹੀ ਰਹਿ ਲਵਾਂਗੀਆਂ। ਉਹਨਾਂ ਨੇ ਇੱਕ ਬੰਦਾ ਇਹਨਾਂ ਦੇ ਨਾਲ ਦਿੱਤਾ ਕਿ ਇਹਨਾਂ ਨੂੰ ਇਹਨਾਂ ਦੇ ਪਿੰਡ ਛੱਡ ਆ। ਸਾਧੋਕਿਆਂ ਤੋਂ ਥੋੜ੍ਹੀ ਦੂਰ ਚੰਗੜਾਂ ਦੀਆਂ ਝੁੱਗੀਆਂ ਸਨ, ਉਹ ਇਹਨਾਂ ਨੂੰ ਪੈ ਗਏ। ਇਹ ਬੰਦਾ ਇੱਕਲਾ ਸੀ, ਉਹਨਾਂ ਨੇ ਉਹਦੇ ਕੋਲੋਂ ਜਨਾਨੀਆਂ ਨੂੰ ਖੋਹ ਲਿਆ। ਉਹਨਾਂ ਵਿੱਚੋਂ ਇੱਕ ਬੀਬੀ ਦੇ ਵਾਲ ਕੁਝ ਚਿੱਟੇ ਸਨ, ਉਹਨੂੰ ਉਹਨਾਂ ਨੇ ਛੱਡ ਦਿੱਤਾ। ਬਾਕੀ ਜਵਾਨ ਸਨ। ਉਹਨਾਂ ਨੂੰ ਚੰਗੜਾਂ ਨੇ ਆਪਣੇ ਕੋਲ ਰੱਖ ਲਿਆ। ਉਹ ਬੀਬੀ (ਜਿਹੜੀ ਛੱਡੀ ਸੀ) ਪਿੰਡ ਚਲੀ ਗਈ। ਉਹਨੇ ਕਾਸਮ ਨੰਬਰਦਾਰ ਨੂੰ ਜਾ ਕੇ ਸਾਰੀ ਗੱਲ ਦੱਸੀ। ਉਸਨੇ ਉਥੋਂ ਚੰਗੜਾਂ ਕੋਲੋਂ ਜ਼ਨਾਨੀਆਂ ਨੂੰ ਲੈ ਕੇ ਕੈਂਪ 'ਚ ਪੁਚਾਇਆ।

ਸਤੀਆਂ ਵਾਲੇ ਡੇਰੇ ਕੋਲ ਜਿੱਥੇ ਮੁਸਲਮਾਨ ਮਾਰ-ਕੁੱਟ ਕਰਕੇ ਗਏ ਸਨ। ਹੋਰਨਾਂ ਫੱਟੜਾਂ ਦੇ ਨਾਲ ਉਹਨਾਂ ਵਿੱਚ ਮੇਰੀ ਦਾਦੀ ਤੇ ਉਹਦੀ ਭੈਣ ਵੀ ਸਨ। ਮੁਸਲਮਾਨ ਹਰ ਰੋਜ਼ ਉਥੇ ਆ ਕੇ ਉਹਨਾਂ ਫੱਟੜਾਂ ਦੀ ਮਾਰ-ਕੁੱਟ ਕਰ ਜਾਂਦੇ। ਤਿੰਨ-ਚਾਰ ਦਿਨ ਉੱਥੇ ਹੀ ਇਹ ਰਹੀਆਂ। ਉਹ ਸੋਚਣ ਲਗੀਆਂ ਇਵੇਂ ਤੇ ਜਾਨ ਨਹੀਂ ਨਿਕਲਣੀ। ਇੱਥੇ ਹੀ ਲਾਗੇ ਹੀ ਇਕ ਪੁਰਾਣਾ ਖੂਹ ਸੀ, ਦੋ ਕੁ ਕਿੱਲੇ ਦੂਰ, ਡੱਲ ਪੁਰਾਣੀ। ਉਹਦੇ ਵਿੱਚ ਸੱਪ ਆਦਿ ਵੀ ਸਨ, ਉਹਦੀ ਮਣ ਵੀ ਢੱਠੀ ਸੀ। ਇਹਨਾਂ ਨੂੰ ਉਸ ਖੂਹ ਦਾ ਪਤਾ ਸੀ।ਇਹਨਾਂ ਸੋਚਿਆ ਇਹਨਾਂ ਹੱਥੋਂ ਰੋਜ਼ ਕੁੱਟ ਖਾਣ ਨਾਲੋਂ, ਆਪਾਂ ਉਥੇ ਛਾਲ ਮਾਰ ਕੇ ਮਰ ਜਾਈਏ।

ਸਵੇਰੇ-ਸਵੇਰੇ ਬਾਰਿਸ਼ ਹੋ ਰਹੀ ਸੀ, ਮੂੰਹ-ਹਨੇਰੇ, ਇਹ ਇਥੋਂ ਟੁਰ ਪਈਆਂ, ਇਕ ਮੇਰੀ ਦਾਦੀ ਨੂੰ ਦਿਸਦਾ ਸੀ, ਪਰ ਦੂਜੀ ਨੂੰ ਨਹੀਂ, ਮੇਰੀ ਦਾਦੀ ਦੇ ਨੱਕ ਤੇ ਬਰਛਾ ਵੱਜਿਆ ਸੀ, ਇਕ ਉਂਗਲ ਤੇ ਸੱਟ ਲੱਗੀ ਹੋਈ ਸੀ, ਉਹ ਵੀ ਬਾਅਦ ਵਿੱਚ ਵੱਢਣੀ ਹੀ ਪਈ ਸੀ। ਦੂਜੀ ਦੇ ਲੱਕ, ਮੋਢਿਆਂ ਆਦਿ ਤੇ ਸੱਟਾਂ ਵੱਜੀਆਂ ਹੋਈਆਂ ਸਨ। ਪਰ ਜਿਊਂਦੀਆਂ ਰਹੀਆਂ ਸਨ।

ਸਵੇਰੇ ਚਾਰ ਕੁ ਵਜੇ ਉਸ ਖੂਹ 'ਤੇ ਪਹੁੰਚ ਗਈਆਂ। ਪਹਿਲਾਂ ਮੇਰੀ ਦਾਦੀ ਦੀ ਭੈਣ ਨੇ ਛਾਲ ਮਾਰੀ, ਉਹ ਪਹਿਲਾਂ ਤਾਂ ਥੱਲੇ ਗਈ, ਫਿਰ ਉੱਤੇ ਆ ਗਈ ਤੇ ਡੁੱਬੀ ਨਹੀਂ, ਸਤਿਗੁਰਾਂ ਹੀ ਕਿਰਪਾ ਕੀਤੀ। ਜਿਵੇਂ ਕੋਈ ਫੱਟੇ ਵਾਂਗੂੰ ਕੋਈ ਚੀਜ਼ ਉਹਦੇ ਥਲੇ ਆ ਗਈ ਹੋਵੇ। ਮੇਰੀ ਦਾਦੀ ਜੋ ਅਜੇ ਖੂਹ ਤੋਂ ਬਾਹਰ ਸੀ, ਨੇ ਆਪਣੀ ਭੈਣ ਨੂੰ ਪੁਛਿਆ ਕਿ "ਕੀ ਹਾਲ ਏ?" ਤਾਂ ਉਸਨੇ ਕਿਹਾ, "ਜਿਸ ਕੰਮ ਵਾਸਤੇ ਆਈਆਂ ਸਾਂ

ਉਹ ਕੰਮ ਨਹੀਂ ਹੋਣਾ ਭਾਵ ਮੌਤ ਆਉਂਦੀ ਨਹੀਂ ਦਿਸਦੀ।" ਪਰ ਫਿਰ ਵੀ ਦਾਦੀ ਨੇ ਵੀ ਛਾਲ ਮਾਰ ਦਿੱਤੀ, ਉਹਦੇ ਨਾਲ ਵੀ ਇਵੇਂ ਹੀ ਹੋਇਆ। ਪਰ ਡੁੱਬੀ ਉਹ ਵੀ ਨਾ। ਉਥੇ ਖੂਹ ਦੇ ਵਿੱਚ ਜਦੋਂ ਨਾ ਡੁੱਬੀਆਂ ਤਾਂ ਉਥੇ ਸੱਪਾਂ ਨੂੰ ਹੱਥ ਪਾਉਣ ਕਿ ਸੱਪ ਲੜ ਕੇ ਹੀ ਸਾਡੀ ਜਾਨ ਨਿਕਲ ਜਾਏ। ਪਰ ਸੱਪ ਵੀ ਨਾ ਲੜਨ।

ਸਵੇਰੇ ਚਾਰ ਵਜੇ ਦੀਆਂ ਪਈਆਂ, ਵਿੱਚੇ ਈ ਰਹੀਆਂ। ਸ਼ਾਮ ਨੂੰ ਮੀਂਹ ਹਟਿਆ। ਉਥੇ ਕੁਝ ਡਾਂਗਰੀ ਆਏ ਡੰਗਰ ਚਾਰਦੇ ਹੋਏ। ਇਹ ਖੂਹ ਦੇ ਵਿੱਚ ਗੱਲਾਂ ਕਰ ਰਹੀਆਂ ਸਨ। ਬਾਹਰੋਂ ਡਾਂਗਰੀਆਂ ਨੇ ਖੂਹ ਵਿੱਚ ਝਾਤੀ ਮਾਰੀ। ਅਖੇ, "ਮਾਈਓ ਤੁਸੀਂ ਕਿਥੇ?" "ਅਸੀਂ ਤੇ ਮਰਨ ਵਾਸਤੇ ਆਈਆਂ ਸਾਂ" ਮਾਈਆਂ ਨੇ ਕਿਹਾ। ਡਾਂਗਰੀਆਂ ਨੇ ਕਿਹਾ,"ਤੁਹਾਨੂੰ ਕੱਢ ਲਈਏ?" "ਕੱਢ ਲਓ ਫਿਰ, ਜਿਹੜੇ ਕੰਮ ਵਾਸਤੇ ਆਈਆਂ ਸਾਂ, ਉਹ ਤੇ ਹੋਇਆ ਨਹੀਂ।" ਮਾਈਆਂ ਨੇ ਕਿਹਾ।

ਉਹ ਪਿੰਡ ਜਾ ਕੇ ਪੀੜੀ ਤੇ ਰੱਸਾ ਲੈ ਆਏ। ਉਹਨਾਂ ਨੂੰ ਵਾਰੀ-ਵਾਰੀ ਖੂਹ 'ਚੋਂ ਕੱਢ ਲਿਆ। ਫਿਰ ਉਹਨਾਂ ਨੂੰ ਸਤੀਆਂ ਵਾਲੇ ਖੂਹ ਕੋਲੇ ਹੀ ਛੱਡ ਗਏ, ਜਿੱਥੇ ਬਾਕੀ ਫੱਟੜ ਪਏ ਸਨ। ਮੁਸਲਮਾਨ ਜਿਹੜੇ ਮਾਰਦੇ ਕੁੱਟਦੇ ਸਨ, ਉਹ ਉੱਥੇ ਫਿਰ ਆ ਗਏ।

ਓਧਰ ਕਾਸਮ ਨੰਬਰਦਾਰ ਨੂੰ ਮਿਲਣ ਮਗਰੋਂ ਮੇਰੇ ਦਾਦਾ ਜੀ ਵੀ ਲਾਹੌਰ ਤੋਂ ਕਰਾਚੀ ਵਾਲੀ ਸੜਕ 'ਤੇ ਆ ਗਏ। ਉਥੋਂ ਫੌਜੀਆਂ ਦੇ ਵੀ ਟਰੱਕ ਲੰਘ ਰਹੇ ਸਨ। ਇਹ ਦੱਸਦੇ ਹਨ (ਮੇਰੇ ਦਾਦਾ ਜੀ) ਕਿ "ਮੈਂ ਇੱਕ ਟਰੱਕ ਅਗੇ ਲੰਮਾ ਪੈ ਗਿਆ", ਉਹਨਾਂ ਟਰੱਕ ਖਲ੍ਹਾਰ ਕੇ ਪੁੱਛਿਆ ਤੇ ਫਿਰ ਝਿੜਕਿਆ ਵੀ ਕਿ "ਤੈਨੂੰ ਕੀ ਗੱਲ ਏ?" ਆਂਹਦੇ ਨੇ (ਦਾਦਾ ਜੀ) ਕਿ ਮੈਂ ਕਿਹਾ, "ਅਸੀਂ ਤੇ ਮਰੇ ਆਂ।" ਉਹਨਾਂ ਨੂੰ ਸਾਰੀ ਗੱਲ ਦੱਸੀ। ਮਿਲਟਰੀ ਵਾਲੇ ਦਾਦਾ ਜੀ ਨੂੰ ਗੁੱਜਰਾਂਵਾਲੇ ਕੈਂਪ 'ਚ ਲੈ ਗਏ। ਉੱਥੋਂ ਇੱਕ ਫੌਜੀ ਅਫ਼ਸਰ ਦੀ ਮਨਜ਼ੂਰੀ ਨਾਲ ਇਹ ਕੁਝ ਫੌਜੀਆਂ ਨੂੰ ਨਾਲ ਲੈ ਕੇ ਸਤੀਆਂ ਵਾਲੇ ਡੇਰੇ ਪੁੱਜੇ। ਉਥੋਂ ਮਿਲਟਰੀ ਵਾਲੇ ਸਾਰੇ ਫੱਟੜਾਂ ਨੂੰ ਚੁੱਕ ਕੇ ਕੈਂਪ ਵਿੱਚ ਲੈ ਗਏ।

ਮੈਨੂੰ ਕਿਸੇ ਨੇ ਦੱਸਿਆ ਸੀ ਕਿ ਉਹਨੀਂ ਦਿਨੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਮੰਡੀ ਸਨ, ਜਦੋਂ ਇਹ ਭਾਣਾ ਵਰਤਿਆ। ਉਂਜ ਤੇ ਇਹ ਹਾਲ ਸਾਡਾ ਤਾਂ ਹੀ ਹੋਇਆ, ਜੇ ਅਸੀਂ ਉਹਨਾਂ ਦਾ ਪਾਕਿਸਤਾਨੋਂ ਨਿਕਲਣ ਵਾਲਾ ਬਚਨ ਨਹੀਂ ਮੰਨਿਆ। ਇਕ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਸਤਿਗੁਰੂ ਜੀ ਉਸ ਵੇਲੇ ਚੁੱਪ ਕਰ ਗਏ ਤੇ ਫਿਰ ਬਚਨ ਕੀਤਾ, "ਐਸੇ ਵੇਲੇ ਰਾਜੇ ਵਾਲਿਆਂ ਤੇ ਬੜੀ ਭੀੜ ਬਣੀ ਹੋਈ ਏ।"

ਸਤਿਗੁਰੂ ਦਾ ਹੀ ਐਸਾ ਬਿਰਦ ਹੈ ਜੋ ਆਪਣੇ ਸਿੱਖਾਂ ਦੁਆਰਾ ਹੁਕਮ ਨਾ ਮੰਨਣ ਤੇ ਵੀ ਉਹਨਾਂ ਦੀ ਚਿੰਤਾ ਕਰਦਾ ਹੈ।

ਓਧਰ ਅਸੀਂ ਗੁਜਰਾਂਵਾਲੇ ਕੈਂਪ ਵਿੱਚ ਹੀ ਸਾਂ ਤੇ ਮੇਰੀ ਛੋਟੀ ਭੈਣ ਨੂੰ ਜਦੋਂ ਪਤਾ ਲੱਗਾ ਕਿ ਬਾਕੀ ਦੇ ਜੀਅ ਪਿੰਡ ਰਹਿ ਗਏ ਨੇ ਤਾਂ ਉਹ ਹਉਕਾ ਲੈ ਕੇ ਹੀ ਮਰ ਗਈ। ਉਸੇ ਦਿਨ ਗੁੱਜਰਾਂਵਾਲੇ ਕੈਂਪ ਤੋਂ ਹਿੰਦੁਸਤਾਨ ਆਉਣ ਦਾ ਹੁਕਮ ਹੋ ਗਿਆ। ਮੈਂ ਤੇ ਮੇਰੇ ਪਿਤਾ ਜੀ ਉਹਦਾ ਉਥੇ ਹੀ ਥੋੜ੍ਹਾ-ਬਹੁਤ ਸਸਕਾਰ ਕਰਕੇ, ਉਹਦੇ ਸਰੀਰ ਨੂੰ ਨਹਿਰ ਵਿੱਚ ਰੋੜ੍ਹ ਦਿੱਤਾ।

ਫਿਰ ਅਸੀਂ ਇਧਰ ਆਣ ਕੇ ਹੀ ਸਾਰੇ ਇਕੱਠੇ ਹੋਏ। ਏਧਰ ਅਸੀਂ ਪਹਿਲਾਂ ਕੁਝ ਚਿਰ ਨਕੋਦਰ ਰਹੇ, ਫਿਰ ਅਮਰਾਸਰ ਰਹੇ। ਮੇਰੇ ਦਾਦਾ ਜੀ ਸਿਰਸੇ ਆ ਗਏ। ਮੈਂ ਕਾਫ਼ੀ ਚਿਰ ਦਾਦਾ ਜੀ ਕੋਲ ਰਹਿ ਕੇ ਪਾਠ ਸਿੱਖਦਾ ਰਿਹਾ। ਮੇਰੇ ਦਾਦਾ ਜੀ ਪਾਕਿਸਤਾਨ 'ਚੋਂ ਆ ਕੇ ਲਗਭਗ ਦਸ ਸਾਲ ਜਿਉਂਦੇ ਰਹੇ ਤੇ 22 ਅਕਤੂਬਰ 1957 ਨੂੰ ਉਹ ਚੜ੍ਹਾਈ ਕੀਤੇ। ਮੇਰੀ ਦਾਦੀ ਅਤੇ ਉਸ ਦੀ ਭੈਣ ਦੋਵੇਂ ਹੀ ਦੇਸ਼ ਵੰਡ ਤੋਂ ਬਾਅਦ ਲਗਭਗ ਵੀਹ ਸਾਲ ਜਿਊਂਦੀਆਂ ਰਹੀਆਂ। ਮੈਂ ਆਪਣੇ ਪਾਠ ਦਾ ਅਭਿਆਸ ਆਪਣੀ ਦਾਦੀ ਦੀ ਭੈਣ ਵੀਰ ਕੌਰ(ਜਿਹਨਾਂ ਨੂੰ ਦਿਸਦਾ ਨਹੀਂ ਸੀ) ਨੂੰ ਸੁਣਾ-ਸੁਣਾ ਕੇ ਕਰਦਾ ਰਿਹਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਿਤ ਬਾਣੀ ਬਚਿਤ੍ਰ ਨਾਟਕ (ਦਸਮ ਗ੍ਰੰਥ) ਦਾ ਸਲੋਕ ਹੈ-

ਜਿਸਨੋ ਸਾਜਨ ਰਾਖਸੀ ਦੁਸਮਨ ਕਵਣ ਬਿਚਾਰ॥
ਦੰਤ ਜੀਭ ਜਿਮ ਰਾਖਿ ਹੈ ਦੁਸਟ ਅਰਿਸਟ ਨਿਵਾਰਿ॥

**ਮਾਸਟਰ ਦਰਸ਼ਨ ਸਿੰਘ**
**ਸ੍ਰੀ ਭੈਣੀ ਸਾਹਿਬ**
**ਸੰਪਰਕ:98727-30098**

**........ਬਾਕੀ ਸਫ਼ਾ 4 ਦੀ** **(ਗੁਰਬਾਣੀ ਵਿਚਾਰ)**

ਵਿਸ਼ਵਾਸ ਵੀ ਦ੍ਰਿੜਤਾ ਨਾਲ ਘਰ ਕਰ ਜਾਂਦਾ ਹੈ ਕਿ ਜਦ ਸਾਰਾ ਕੁਝ ਉਸ ਪਰਮ ਪਿਤਾ ਦਾ ਦਿੱਤਾ ਹੋਇਆ ਹੈ ਅਤੇ ਸਾਰੇ ਹੀ ਉਸਦੇ ਆਪਣੇ ਬੱਚੇ ਹਨ ਫਿਰ ਉਨ੍ਹਾਂ ਦੇ ਅੰਦਰ ਤੂੰ ਹੀ-ਤੂੰ ਹੀ ਦਾ ਨਾਦ ਉੱਭਰਦਾ ਹੈ। ਜਿਵੇਂ ਮਹਾਤਮਾ ਕਹਿੰਦੇ ਹਨ ਕਿ ਜਦ ਬੱਕਰੀ ਨੇ ਮੈਂ ਮੈਂ ਕੀਤਾ ਤਾਂ ਉਹ ਕਸਾਈ ਦੀ ਛੁਰੀ ਹੇਠ ਆ ਗਈ ਪਰ ਜਦ ਉਸਦੀ ਆਂਦਰ ਦੀ ਤੰਦੀ ਸਾਜ਼ ਉਪਰ ਚੜ੍ਹ ਕੇ ਤੂੰ ਤੂੰ ਦਾ ਆਲਾਪ ਕਰਨ ਲੱਗੀ ਤਾਂ ਉਸੇ ਬੱਕਰੀ ਦੇ ਮਾਸ ਨੂੰ ਹੀ ਨਮਸਕਾਰਾਂ ਹੋਣ ਲੱਗੀਆਂ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ ਕਿ ਪੈਰ ਸਰੀਰ ਦਾ ਸਭ ਤੋਂ ਨੀਵਾਂ ਅੰਗ ਹਨ, ਪਰ ਸਾਰਾ ਸਰੀਰ ਛੱਡ ਕੇ ਪੈਰਾਂ ਦੀ ਹੀ ਪੂਜਾ ਹੁੰਦੀ ਹੈ। ਇਹ ਉਨ੍ਹਾਂ ਦੀ ਨਿਮਰਤਾ ਦਾ ਹੀ ਨਤੀਜਾ ਹੈ। "**ਨਿਵੈ ਸੁ ਗਉਰਾ**" ਅਤੇ "**ਨਿਵਾ ਜਿਣੈ**" ਦੇ ਸਿਧਾਂਤ ਗਰੀਬੀ ਦੇ ਵਡੱਪਣ ਨੂੰ ਦਰਸਾਉਂਦੇ ਹਨ। ਜਿਸ ਤਰ੍ਹਾਂ ਫਲ ਨਾਲ ਲੱਦਿਆ ਹੋਇਆ ਰੁੱਖ ਨੀਵਾਂ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਮਨੁੱਖ ਜੀਵਨ ਦੇ ਆਦਰਸ਼ ਨੂੰ ਪ੍ਰਾਪਤ ਕਰਕੇ ਨਿਮਾਣਾ ਹੋ ਜਾਂਦਾ ਹੈ।

ਉਤਮ ਮਧਮ ਨੀਚ ਲਖਿ ਗੁਰਮੁਖ ਨੀਚਹੁੰ ਨੀਚ ਸਦਾਏ॥
ਪੈਰੀ ਪੈ ਪਾ ਖਾਕ ਹੋਇ ਗੁਰਮੁਖ ਗੁਰਸਿਖ ਆਪ ਗਵਾਏ॥

# ਆਜ਼ਾਦੀ

✍ -ਹਜ਼ਾਰਾ ਸਿੰਘ ਮੁਸ਼ਤਾਕ

ਨੀ ਆਜ਼ਾਦੀਏ! ਤੇਰੇ ਦੀਦਾਰ ਖਾਤਰ,
ਅਸਾਂ ਅੱਖਾਂ ਦੇ ਤਾਰੇ ਮਿਟਾ ਦਿੱਤੇ।
ਤੈਨੂੰ ਮੋਤੀਆਂ ਵਾਲੀਏ ਪਾਣ ਖਾਤਰ,
ਅਸਾਂ ਹੀਰੇ ਕੋਹਨੂਰੀ ਲੁਟਾ ਦਿੱਤੇ।
ਤੇਰੇ ਪਿਆਰ ਦੀ ਅੱਗ ਵਿਚ ਜੀਉਣ ਜੋਗੇ,
ਚਿਖ਼ਾ ਵਿਚ ਕਈ ਜੀਉਂਦੇ ਜਲਾ ਦਿੱਤੇ।
ਫੁੱਲਾਂ ਵਰਗੀਆਂ ਵੀਰਾਂ ਦੇ ਫੁੱਲ ਚੁਣ ਚੁਣ,
ਤੇਰੇ ਗਲੇ ਅੰਦਰ ਹਾਰ ਪਾ ਦਿੱਤੇ।

ਅਸਾਂ ਦੇਸ਼ ਦੇ ਦਰਸ਼ਨੀ ਗੱਭਰੂਆਂ ਨੂੰ,
ਤੇਰੇ ਦਰਸ ਤੋਂ ਘੋਲ ਘੁਮਾ ਦਿੱਤਾ।
ਅਸਾਂ ਲੱਖਾਂ ਮਾਸੂਮਾਂ ਦਾ ਖੂਨ ਚੋ ਕੇ,
ਤੇਰੇ ਹੱਥਾਂ ਤੇ ਰੰਗ ਜਮਾ ਦਿੱਤਾ।
----
ਤੇਰੇ ਪਿਆਰ ਬਦਲੇ ਲੱਖਾਂ ਪਿਆਰਿਆਂ ਨੂੰ,
ਅਸਾਂ ਪਲਾਂ ਵਿਚ ਭੁਲਦਿਆਂ ਵੇਖਿਆ ਏ।
ਸੁਹਲ ਕਲੀਆਂ ਨੂੰ ਦੁਖਾਂ ਦਿਆਂ ਕੰਡਿਆਂ ਤੇ,
ਅਸਾਂ ਹੱਸ ਕੇ ਤੁਲਦਿਆਂ ਵੇਖਿਆ ਏ।
ਤੇਰੀ ਭਾਲ ਵਿਚ ਤੁਰੀਆਂ ਸੁਆਣੀਆਂ ਦੇ,
ਫੱਟ ਜਿਸਮ 'ਤੇ ਖੁਲ੍ਹਦਿਆਂ ਵੇਖਿਆ ਏ।
ਸਤਰਾਂ ਵਾਲੀਆਂ ਬੀਬੀਆਂ ਰਾਣੀਆਂ ਨੂੰ,
ਅਸਾਂ ਕੈਂਪਾਂ 'ਚ ਰੁਲਦਿਆਂ ਵੇਖਿਆ ਏ।

ਨੀ ਆਜ਼ਾਦੀਏ ਤੇਰੇ ਪਿਆਰ ਬਦਲੇ,
ਅਸਾਂ ਮੂੰਹੋਂ ਮੁਸੀਬਤਾਂ ਮੰਗੀਆਂ ਨੇ।
ਜਿਨ੍ਹਾਂ ਪਲੰਘ ਤੋਂ ਭੁੰਜੇ ਨਾ ਪੈਰ ਧਰਿਆ,
ਅਜ ਉਹ ਫਿਰਦੀਆਂ ਪੈਰਾਂ ਤੋਂ ਨੰਗੀਆਂ ਨੇ।
----

ਤੇਰੇ ਉਚੇ ਨਿਸ਼ਾਨ ਝੁਲਾਣ ਬਦਲੇ,
ਅਸਾਂ ਆਪਣਾ ਆਪ ਮਿਟਾ ਦਿੱਤਾ।
ਅਸਾਂ ਤੇਰੇ ਤਰੰਗੇ ਨੂੰ ਰੰਗਣੇ ਲਈ,
ਆਪਣੇ ਜਿਗਰ ਦਾ ਖੂਨ ਵਗਾ ਦਿੱਤਾ।
ਤੇਰੀ ਭੀਖ ਲਈ ਬਗਲੀ ਸੁਆਣ ਬਦਲੇ,
ਅਸਾਂ ਪਿੰਡੇ ਦਾ ਪੋਸ਼ ਲੁਹਾ ਦਿੱਤਾ।
ਅਸਾਂ ਤੇਰੀ ਖਰੈਤ ਦੀ ਸਿੱਕ ਬਦਲੇ,
ਸਿਰ ਦੇ ਖੋਪੜ ਦਾ ਕਾਸਾ ਬਣਾ ਦਿੱਤਾ।

ਤੇਰੀ ਸ਼ਗਨਾਂ ਦੀ ਡੋਲੀ ਤੋਂ ਰਬ ਜਾਣੇ,
ਅਸਾਂ ਦਿਲਾਂ ਦਾ ਮੀਂਹ ਬਰਸਾ ਦਿੱਤਾ।
ਲੱਖਾਂ ਭੈਣਾਂ ਕਲੀਰਿਆਂ ਵਾਲੀਆਂ ਨੂੰ,
ਅਸਾਂ ਮੌਤ ਦੀ ਡੋਲੀ 'ਚ ਪਾ ਦਿੱਤਾ।
----

ਨੀ ਆਜ਼ਾਦੀਏ! ਤੇਰੇ ਪਿਆਰ ਭੁੱਖੇ,
ਤੀਰ ਦੁਖਾਂ ਦੇ ਰੱਜ ਕੇ ਖਾਂਵਦੇ ਰਹੇ।
ਮੌਤ ਰੋਣਹਾਕੀ ਹੋ ਕੇ ਵੇਖਦੀ ਰਹੀ,
ਪਰ ਉਹ ਸੂਲੀਆਂ ਤੇ ਢੋਲੇ ਗਾਂਵਦੇ ਰਹੇ।
ਸੜਕੇ ਆਪਣੇ ਇਸ਼ਕ ਦੀ ਅੱਗ ਅੰਦਰ,
ਬਲਦੀ ਸ਼ਮ੍ਹਾਂ ਪਰਵਾਨੇ ਬੁਝਾਂਵਦੇ ਰਹੇ।
ਤੇਰੇ ਪਿਆਰ ਦੀ ਅੱਗ ਵਿਚ ਸੜਨ ਵਾਲੇ,
ਅੱਗ ਸਾਗਰਾਂ ਦੇ ਸੀਨੇ ਲਾਂਵਦੇ ਰਹੇ।

ਜਿਹੜੀ ਸਤਲੁਜ ਦੇ ਕੰਢੇ ਤੇ ਚਿਖਾ ਭੜਕੀ,
ਉਹਨੇ ਅਰਸ਼ ਨੂੰ ਵੀ ਲਾਂਬੂ ਲਾ ਦਿੱਤਾ।
ਭਗਤਾਂ ਗੁਰੂਆਂ ਦੀ ਕਰੜੀ ਤਪਸਿਆ ਨੇ,
ਫੜਕੇ ਰੱਬ ਦਾ ਜਿਗਰਾ ਡੁਲਾ ਦਿੱਤਾ।
-----

# ਕੌਮੀ ਅਣਖ

ਦਮ ਦਿਤਿਆਂ ਬਾਝ ਨਹੀਂ ਦਮ ਮਿਲਦਾ,
ਬਿਨਾਂ ਦਮ ਦੇ ਢੋਏ ਨਹੀਂ ਢੋਏ ਜਾਂਦੇ।
ਬਾਝ ਖੁਸ਼ੀ ਦੇ ਹਸਿਆ ਨਹੀਂ ਜਾਂਦਾ,
ਰੋਣੇ ਗਮਾਂ ਦੇ ਬਾਝ ਨਹੀਂ ਰੋਏ ਜਾਂਦੇ।
ਦਰਦ ਬਾਝ ਨਹੀਂ ਸੀਨੇ ਵਿਚ ਛੇਕ ਪੈਂਦਾ,
ਛੇਕ ਬਾਝ ਨਹੀਂ ਮੋਤੀ ਪਰੋਏ ਜਾਂਦੇ।
ਸ਼ਰਫ਼ ਦਾਗ ਗੁਲਾਮੀ ਦੇ ਦੇਸ਼ ਉਤੋਂ,
ਕੌਮੀ ਅਣਖ ਦੇ ਬਾਝ ਨਹੀਂ ਧੋਏ ਜਾਂਦੇ।

**(ਬਾਬੂ ਫੀਰੋਜ਼ ਦੀਨ ਸ਼ਰਫ਼)**

# ਮੰਗ

ਮੰਗਾਂ ਰੋਜ਼ ਮੁਰਾਦ ਮੈਂ ਰੱਬ ਕੋਲੋਂ,
ਰੱਬਾ ਦਿਲ ਦਾ ਤਦੋਂ ਅਰਮਾਨ ਨਿਕਲੇ।
ਜਿਹੜੇ ਦੇਸ਼ ਵਿਚ ਜੰਮਿਆਂ ਪਲਿਆ ਮੈਂ,
ਉਸ ਵਿਚ ਹੀ ਮੇਰਾ ਬਬਾਨ ਨਿਕਲੇ।
ਵੱਟਾਂ ਲੱਖ ਜੇਕਰ ਪਿਆਰੇ ਵਤਨ ਖਾਤਰ,
ਮੇਰੀ ਮੌਤ ਆਵੇ ਮੇਰੀ ਜਾਨ ਨਿਕਲੇ।
ਮੇਰੀ ਮਰੀ ਹੋਈ ਲਾਸ਼ ਦੇ ਮੂੰਗ 'ਚੋਂ ਵੀ,
ਵਾਰ ਵਾਰ ਪਿਆਰਾ ਹਿੰਦੁਸਤਾਨ ਨਿਕਲੇ।

**(ਵਿਧਾਤਾ ਸਿੰਘ ਤੀਰ)**

# ਆਜ਼ਾਦੀ ਦਾ ਸੂਰਜ

✍-ਕਰਤਾਰ ਸਿੰਘ ਬਲੱਗਣ

ਮੇਰੇ ਵਤਨ ਦੇ ਵਾਸੀਆ ਭਾਗਵਾਨਾ!
ਆ ਜਾ, ਅੱਜ ਖੁਸ਼ੀਆਂ ਬਾਰ ਬਾਰ ਕਰੀਏ।
ਜਿਹੜੇ ਦਿਨ ਮੂੰਹ ਡਿੱਠਾ ਜ਼ਮਹੂਰੀਅਤ ਦਾ,
ਰਲ ਕੇ ਅੱਜ ਉਹਨੂੰ ਨਮਸਕਾਰ ਕਰੀਏ।

ਜਿਸ ਦਿਨ ਜਨ ਸਾਧਾਰਨ ਨੂੰ ਮਾਣ ਮਿਲਿਆ,
ਅੱਜ ਦਾ ਦਿਨ ਉਹ ਬੜਾ ਸੁਲੱਖਣਾ ਏ।
ਦੇ ਕੇ ਗੰਢ ਇਤਿਹਾਸ ਦੀ ਗੱਬ ਅੰਦਰ,
ਇਹਦੀ ਯਾਦ ਨੂੰ ਸਾਂਭ ਕੇ ਰੱਖਣਾ ਏ।

ਜਨਮ ਦਿਨ ਆਜ਼ਾਦੀ ਦਾ ਕਹੋ ਇਹਨੂੰ,
ਭਾਵੇਂ ਏਸ ਨੂੰ ਕੌਮੀ ਤਹਿਵਾਰ ਕਹਿ ਲੈ।
ਇਹਨੂੰ ਬਰਸੀ ਗੁਲਾਮੀ ਦੀ ਆਖ ਭਾਵੇਂ,
ਜਾਂ ਸ਼ਹੀਦਾਂ ਦੀ ਯਾਦਗਾਰ ਕਹਿ ਲੈ।

ਐਪਰ ਮੰਨਣਾ ਪਵੇਗਾ ਅੰਤ ਤੈਨੂੰ,
ਉਮਰਾਂ ਗਾਲ ਇਹਨੂੰ ਅਸੀਂ ਸਾਜਿਆ ਏ।
ਪੰਡਾਂ ਮੂੰਹੀਂ ਦੇ ਦੇ ਮੋਤੀ ਲਾਲ ਹੀਰੇ,
ਸਾਂਵੀਂ ਤੱਕੜੀ ਇਹਨੂੰ ਵਿਹਾਜਿਆ ਏ।

ਭਲਾ ਏਸ ਦਿਹਾੜੇ ਦੀ ਭਾਲ ਅੰਦਰ,
ਅਸੀਂ ਕਿਹੜੀਆਂ ਮਿੱਟੀਆਂ ਛਾਣੀਆਂ ਨਹੀਂ।
ਕਿਥੋਂ ਟੁਰੇ ਤੇ ਕਿਸ ਤਰ੍ਹਾਂ ਅੱਪੜੇ ਸਾਂ,
ਇਹ ਕੋਈ ਛੋਟੀਆਂ ਦਰਦ ਕਹਾਣੀਆਂ ਨਹੀਂ।

ਇਹਦਾ ਚਾਨਣਾ ਲਭਦਿਆਂ, ਝੱਖੜਾਂ 'ਚੋਂ,
ਜੋਤਾਂ ਕਈ ਨਰੋਤਮੀ ਬੁਝ ਗਈਆਂ।
ਇਹਦੀ ਡਾਚੀ ਦੇ ਖੁਰੇ ਦੀ ਭਾਲ ਪਿੱਛੇ,
ਲੱਖਾਂ ਸੱਸੀਆਂ ਥਲਾਂ ਵਿਚ ਭੁੱਜ ਗਈਆਂ।

ਜ਼ੇਹਲਾਂ ਵਿਚ ਬਹਿ-ਬਹਿ ਲੱਖਾਂ ਤਪ ਕੀਤੇ।
ਪਰ ਇਹ ਦੇਵਤਾ ਕਿਸੇ ਤੇ ਵਿੱਸਿਆ ਨਾਂਹ।
ਕਈਆਂ ਆਪਣੀ ਚਿਖਾ ਦੀ ਲੋ ਕੀਤੀ,
ਪਰ ਇਹ ਚਾਨਣ ਫਿਰ ਵੀ ਦਿੱਸਿਆ ਨਾਂਹ।

ਕੁੱਕੜ ਰਹੇ ਬਾਂਗਾਂ ਦੇਂਦੇ, ਕਿਸੇ ਐਪਰ,
ਕਲਮਾ ਨਹੀਂ ਆਜ਼ਾਦੀ ਦਾ ਪੜ੍ਹਨ ਦਿੱਤਾ।
ਜਿਹਦੇ ਰਾਜ 'ਚ ਸੂਰਜ ਨਾ ਡੁੱਬਦਾ ਸੀ,
ਦਿਨ ਨਾ ਓਸ ਆਜ਼ਾਦੀ ਦਾ ਚੜ੍ਹਨ ਦਿੱਤਾ।

ਵੇਖਣ ਲਈ ਇਸ ਸੂਰਜ ਦੀ ਕਿਰਨ ਪਹਿਲੀ,
ਅਰਸ਼ ਫਰਸ਼ ਨੇ ਬਾਹਵਾਂ ਉਲਾਰ ਛੱਡੀਆਂ।
ਏਸ ਇਕ ਦਿਹਾੜੇ ਦੀ ਦੀਦ ਬਦਲੇ,
ਰੋ ਰੋ ਕੌਮ ਨੇ ਸਦੀਆਂ ਗੁਜ਼ਾਰ ਛਡੀਆਂ।

ਬੁੱਕਲ ਸਰਘੀਆਂ ਦੀ ਰੋਜ ਫੋਲਦੇ ਰਹੇ,
(ਪਰ)ਕਿਸੇ ਤਾਰਾ ਤਕਦੀਰ ਦਾ ਡਕ ਛੱਡਿਆ।
ਲਹਿੰਦੇ ਵਾਲਿਆਂ ਨੇ ਚੜ੍ਹਦੇ ਵਾਲਿਆਂ ਦਾ,
ਸਦੀਆਂ ਤਕ ਚੜ੍ਹਦਾ ਸੂਰਜ ਡੱਕ ਛੱਡਿਆ।

ਸੱਤਾਂ ਵਾਰਾਂ ਤੇ ਬਾਰਾਂ ਮਹੀਨਿਆਂ ਦੇ,
ਅੱਖਾਂ ਨਾਲ ਮੁਹਾਂਦਰੇ ਤੋਲ ਸੁੱਟੇ।
ਏਸ ਥਿਤ ਲਈ ਪਾਂਧੇ ਦੀ ਪੱਤਰੀ ਤੋਂ,
ਘੋਖ-ਘੋਖ ਕੇ ਪੱਤਰੇ ਫੋਲ ਸੁੱਟੇ।

ਆਈਆਂ ਪੁੰਨਿਆਂ, ਚਾਨਣੇ ਲੱਖ ਲੰਘੇ,
ਪਰ ਹਨ੍ਹੇਰਾ ਗੁਲਾਮੀ ਦਾ ਮੁੱਕਿਆ ਨਾ।
ਕਈ ਵਾਰ ਪੱਤਝੜਾਂ ਨੇ ਬੂਰ ਝੰਬੇ,
(ਪਰ) ਪਰਾਧੀਨਤਾ ਦਾ ਬਿਰਛ ਸੁੱਕਿਆ ਨਾ।

ਕਈਆਂ ਰਾਂਝਿਆਂ ਇਹਦੇ ਲਈ ਜੋਗ ਧਾਰੇ,
ਕਈਆਂ ਸ਼ਾਹਾਂ ਨੇ ਪੁੱਤ ਫ਼ਕੀਰ ਕਰ ਲਏ।
ਲੱਕੀਂ ਬੰਨ ਲੰਗੋਟੀਆਂ ਬਣੇ ਸਾਧੂ,
ਲੀੜੇ ਛੱਡ ਜੁੱਸੇ ਲੀਰੋ ਲੀਰ ਕਰ ਲਏ।

ਕਈਆਂ ਲਾੜੀਆਂ ਦੀ ਮਹਿੰਦੀ ਘੁਲੀ ਰਹਿ ਗਈ,
ਗਾਨੇ ਤੋੜ ਲਏ, ਮੌਲੀਆਂ ਵੱਢ ਆਏ।
ਸਾਹਿਆ ਹੀਰ ਆਜ਼ਾਦੀ ਦੀ ਮਿਥਨ ਖ਼ਾਤਿਰ,
ਲਾਂਵਾਂ ਅੱਧ ਵਰੁਤੀਆਂ ਛੱਡ ਆਏ।

ਰਾਹ ਵੀਰਾਂ ਦੇ ਵਿਹੰਦੀਆਂ ਕਈ ਭੈਣਾਂ,
ਅਜੇ ਤੀਕ ਖਲੋ ਦਹਿਲੀਜ਼ ਉੱਤੇ।
ਅਜੇ ਤੀਕ ਵੀ ਅੱਥਰੂ ਕੇਰ ਰਹੀਆਂ,
ਆਪਣੇ ਦਾਜ ਦੀ ਸੁੱਚੀ ਕਮੀਜ਼ ਉੱਤੇ।

ਕਈ ਵਹੁਟੀਆਂ ਖਲੀਆਂ ਬਨੇਰਿਆਂ 'ਤੇ,
ਪਾਣ ਔਂਸੀਆਂ, ਕਿਸੇ ਉਡੀਕ ਪਿੱਛੇ।
ਖੌਰੇ ਅੱਜ ਦੇ ਦਿਨ ਹੀ ਆ ਜਾਵੇ,
ਘਰੋਂ ਗਿਆ ਸੀ ਏਸੇ ਤਰੀਕ ਪਿੱਛੇ।

ਜਿਉਂ-ਜਿਉਂ ਰਹੇ ਵਿਹੰਦੇ ਪੱਬਾਂ ਭਾਰ ਹੋ ਕੇ,
ਰਿਸ਼ਮਾਂ ਏਸ ਸੂਰਜ ਮਹਾਰਾਜ ਦੀਆਂ।
ਤਿਉਂ-ਤਿਉਂ ਉੱਚੀਆਂ ਹੁੰਦੀਆਂ ਹੋਰ ਗਈਆਂ,
ਕੰਧਾਂ ਏਸ ਖ਼ੂਨੀ ਸਾਮਰਾਜ ਦੀਆਂ।

ਦੱਬੀ ਰਖਿਆ ਚਿਰਾਂ ਤੀਕ ਇਹ ਸੂਰਜ,
ਉਹਨਾਂ ਤੋਪਾਂ ਤੇ ਬੰਬਾਂ ਦੇ ਧੂੰ ਥੱਲੇ।
ਕਿਥੋਂ ਤੀਕ ਪਰ ਭਲਾ ਛੁਪਾ ਸਕਦੈ,
ਕੋਈ ਭੜਕਦੀ ਅੱਗ ਨੂੰ ਰੂੰ ਥੱਲੇ।

ਐਸਾ ਅਣਖ ਦੀ ਕੁੰਨੀ 'ਚ ਗੜ੍ਹਕ ਆਇਆ,
ਲੰਬਾਂ ਪਾਰ ਸਮੁੰਦਰੋਂ ਧਾ ਗਈਆਂ।
ਸੂਰਜ ਰੱਜ ਕੇ ਜਿਹਾ ਜਕਲੰਬ ਖਾਧਾ,
ਗੋਰੇ ਤਾਂਈਂ ਤਰੇਲੀਆਂ ਆ ਗਈਆਂ।

ਸਦੀਆਂ ਬੀਤੀਆਂ ਦੇ ਪਿਛੋਂ ਭਾਗ ਲੱਗੇ,
ਫਿਰ ਤਖਤ ਹਜ਼ਾਰੇ ਦੇ ਵਿਹੜਿਆਂ ਨੂੰ।
ਸਾਹਿਆ ਹੀਰ ਆਜ਼ਾਦੀ ਦਾ ਪਿਆ ਮਿਥਣਾ,
ਅੰਤ ਕੈਦੋਆਂ, ਅਦਲੀਆਂ, ਖੇੜਿਆਂ ਨੂੰ।

ਫਿਰ ਵੀ ਰੱਬ ਦਾ ਸ਼ੁਕਰ ਏ ਲੱਖ ਵਾਰੀ,
ਅਸੀਂ ਅੱਜ ਆਜ਼ਾਦੀ ਪਏ ਮਾਣਦੇ ਹਾਂ।
ਮੁੱਲ ਏਸ ਦਾ ਰੱਜਵਾਂ ਤਾਰ ਕੇ ਵੀ,
ਏਸ ਸੌਦੇ ਨੂੰ ਸਸਤਿਆਂ ਜਾਣਦੇ ਹਾਂ।

ਜਦ ਤਕ ਰਹਿਣਗੇ ਸੂਰਜ ਤੇ ਚੰਨ ਤਾਰੇ,
ਜਦ ਤਕ ਦਿਨਾਂ ਪਿਛੋਂ ਰਾਤਾਂ ਪੈਣਗੀਆਂ।
ਯਾਦਾਂ ਸੋਹਣਿਆਂ ਅੱਜ ਦੇ ਦਿਨ ਦੀਆਂ,
ਸਾਡੇ ਦਿਲਾਂ ਵਿਚ ਨੱਚਦੀਆਂ ਰਹਿਣਗੀਆਂ।

ਕਸਮਾਂ ਖਾਧੀਆਂ ਰਾਵੀ ਦੇ ਪੱਤਣਾਂ 'ਤੇ,
ਚੜ੍ਹੀਆਂ ਤੋੜ ਜਹਾਨ ਨੇ ਵੇਖ ਲਈਆਂ।
ਧੂੜਾਂ ਨੱਸਦੇ ਬੁਜ਼ਦਿਲ ਸਾਮਰਾਜ ਦੀਆਂ,
ਅੱਜ ਦੇ ਦਿਨ ਸੰਸਾਰ ਨੇ ਵੇਖ ਲਈਆਂ।

-----

**ਬਾਜ਼ਾਰ ਦਾ ਭੋਜਨ ਨਾ ਸ਼ੁੱਧ ਹੁੰਦਾ ਹੈ ਨਾ ਮਰਿਯਾਦਾ ਵਿੱਚ ਆਉਂਦਾ ਹੈ ਫਿਰ ਕਿਉਂ ਖਾਧਾ ਜਾਏ?**

## ਭਾਰਤ ਦੀ ਗੁਲਾਮੀ ਦਾ ਮੁੱਢ-ਯੁਧਿਸ਼ਟਰ

ਸਭਾ ਜੁੜੀ ਬੈਠੀ ਏ, ਦੁਰਯੋਧਨ ਕਹਿੰਦੈ, "ਆਓ ਭਾ ਜੀ! ਜੂਏ ਦੀ ਬਾਜੀ ਖੇਡ ਲਈਏ।"

ਯੁਧਿਸ਼ਟਰ ਕਹਿੰਦੈ, "ਮੈਨੂੰ ਪੂਰੀ ਜਾਚ ਨਹੀਂ, ਪਰ ਜੇ ਕਹਿੰਦੇ ਓ, ਤਾਂ ਖੇਡ ਲੈਂਦੇ ਆਂ।"

ਸ਼ਰਤਾਂ ਮਿੱਥ ਲਈਆਂ, ਖੇਡਣ ਲੱਗਿਆਂ ਮਹਾਂ ਜੁਆਰੀ ਸ਼ਕੁਨੀ ਵੀ ਸਾਂਹਵੇ ਬਹਿ ਗਿਆ। ਜਿਵੇਂ ਸ਼ਕੁਨੀ ਆਂਹਦਾ ਗਿਆ, ਦੁਰਯੋਧਨ ਉਵੇਂ ਹੀ ਖੇਡੀ ਗਿਆ। ਪਰ ਯੁਧਿਸ਼ਟਰ ਹਾਰਦਾ ਗਿਆ।

ਸਭ ਕੁਝ ਹਾਰ ਕੇ ਜਦੋਂ ਯੁਧਿਸ਼ਟਰ ਉੱਠਿਆ, ਭੈੜਾ ਮੂੰਹ, ਦਾੜ੍ਹੀ ਖਿੱਲਰੀ ਹੋਈ, ਸਭਾ ਨੇ ਬਹੁਤਾ ਪਰੇਸ਼ਾਨ ਵੇਖ ਕੇ ਖੇਡ ਕੈਂਸਲ ਕਰ ਦਿੱਤੀ।

ਕੌਰਵ ਕਹਿੰਦੇ, "ਭਾ ਜੀ! ਇੱਕ ਬਾਜੀ ਹੋਰ ਵੇਖ ਲਈਏ", ਫੇਰ ਬਹਿ ਗਿਆ, ਹੁਣ ਸ਼ਕੁਨੀ ਵੱਡੀਆਂ ਚਾਲਾਂ ਚੱਲ ਕੇ, ਛੇਤੀ ਹੀ ਜਿੱਤ ਗਿਆ, ਜਦੋਂ ਬਾਕੀ ਨਾ ਰਿਹਾ ਕੁਝ, ਕਹਿੰਦਾ(ਯੁਧਿਸ਼ਟਰ), "ਹੁਣ ਦਾਅ 'ਤੇ ਕੀ ਲਾਵਾਂ?" ਸ਼ਕੁਨੀ ਕਹਿੰਦਾ, "ਦ੍ਰੋਪਦੀ ਲਾ ਦਿਓ, ਕੀ ਪਤਾ, ਸਭ ਕੁਝ ਜਿੱਤ ਜਾਓ।"

ਅਕਲ ਦਾ ਘਾਟਾ, ਅੱਗੇ ਕੁਝ ਨਹੀਂ ਜਿੱਤ ਸਕਿਆ, ਹੁਣ ਸਾਂਝੀ ਪਤਨੀ, ਬਿਨ ਪੁਛਿਆਂ ਕਿਓਂ ਦਾਅ 'ਤੇ ਲਾਂਦਾ ਹੈ?

ਜਦੋਂ ਦ੍ਰੋਪਦੀ ਵੀ ਹਾਰ ਗਿਆ, ਦੁਸ਼ਾਸ਼ਨ ਉਸੇ ਵੇਲੇ, ਨ੍ਹਾ ਕੇ ਸਿਰ ਖਲਾਰੀ ਬੈਠੀ ਨੂੰ ਖਿੱਚ ਲਿਆਇਆ, ਕਹਿੰਦੀ(ਦ੍ਰੋਪਦੀ), "ਹੋਇਆ ਕੀ ਆ?" ਕਹਿੰਦਾ(ਦੁਸ਼ਾਸ਼ਨ), "ਜੂਏ 'ਚ ਜਿੱਤੀ ਗਈ ਏਂ।"

ਕੁਰਲਾਂਦੀ ਪੰਜ ਪਤੀਆਂ ਵੱਲੇ ਵਿਹੰਦੀ ਏ, ਕੋਈ ਨਾ ਹਿੱਲਿਆ। ਭੀਸ਼ਮ, ਦ੍ਰੋਣ ਅੱਖਾਂ ਮੀਟ ਗਏ। ਕ੍ਰਿਸ਼ਨ-ਕ੍ਰਿਸ਼ਨ ਕੂਕਣ ਲੱਗੀ, ਦੁਸ਼ਾਸ਼ਨ ਸਮਝਿਆ ਕਿ ਕ੍ਰਿਸ਼ਨ ਆ ਗਏ, ਉਹ ਮਾੜਾ ਜਿਹਾ ਢਿੱਲਾ ਹੋਇਆ, ਦ੍ਰੋਪਦੀ ਪੱਲਾ ਛੁਡਾ ਕੇ ਨੱਸ ਗਈ।


ਇੰਜ ਯੁਧਿਸ਼ਟਰ ਦੀ ਕਮ-ਅਕਲੀ ਤੋਂ ਭਾਰਤ ਦੀ ਗੁਲਾਮੀ ਦਾ ਮੁੱਢ ਬੱਝ ਗਿਆ। ਯੁੱਧ ਹੋਇਆ ਜਿਸ ਵਿੱਚ ਚਾਲੀ ਲੱਖ ਬੰਦੇ ਮਰ ਗਏ। ਭਾਰਤੀ ਔਰਤਾਂ ਰੋਂਦੀਆਂ, ਟੋਲੇ ਬੰਨ੍ਹ ਬੰਦੇ ਭਾਲਦੀਆਂ ਵਿਦੇਸ਼ਾਂ ਨੂੰ ਚਲੀਆਂ ਗਈਆਂ।

ਓਹਨਾਂ ਮਗਰ ਲੱਗ ਕੇ, ਵਿਦੇਸ਼ੀ, ਮਰਦ ਵਿਹੂਣੇ ਪੰਜਾਬ ਵਿਚ, ਥਾਂ-ਥਾਂ ਅੱਡੇ ਜਮਾ ਕੇ ਬਹਿ ਗਏ।

**ਸਾਧੂ ਸਿੰਘ ਕਿਸਾਨ**
**ਪਿੰਡ-ਬੁੱਢੀ ਮਾੜੀ, (ਸਿਰਸਾ)**
**ਸੰਪਰਕ:01698-280261**

# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਿਆਮ ਦੀ ਸੰਗਤ

✍-ਸੰਤ ਇਕਬਾਲ ਸਿੰਘ ਮਨਚੰਦਾ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਉਸ ਵੇਲੇ ਸਤਿਗੁਰੂ ਜੀ ਦੇ ਦੀਵਾਨਾਂ ਦੇ ਪ੍ਰਬੰਧ ਲਈ ਸ਼ਹਿਰ ਵਿੱਚ ਧਰਮਸ਼ਾਲਾ ਨੇੜੇ ਵੰਡ ਬੁਰਾਫਾ (Burapha Palace) ਜੋ ਕਿ ਕਿਸੇ ਸਮੇਂ ਸ਼ਾਹੀ ਖ਼ਾਨਦਾਨ ਵਿੱਚੋਂ ਕਿਸੇ ਦਾ ਰਿਹਾਇਸ਼ੀ ਮਹੱਲ ਹੁੰਦਾ ਸੀ, ਉਸਦੀ ਗਰਾਊਂਡ ਵਿੱਚ ਇੱਕ ਸੁੰਦਰ ਪੰਡਾਲ ਬਣਾਇਆ ਗਿਆ (ਨੋਟ: ਅੱਜ ਕੱਲ੍ਹ ਇਸ ਜਗ੍ਹਾ 'qy Merry King Deptt. Store ਤੇ ਹੋਰ ਕਈ ਵਪਾਰਕ ਸੈਂਟਰ ਬਣੇ ਹੋਏ ਹਨ)। ਦੋਵੇਂ ਵੇਲੇ ਦੇ ਦੀਵਾਨ ਇਥੇ ਹੀ ਲੱਗਦੇ ਰਹੇ। ਇਸ ਦੌਰੇ ਸਮੇਂ ਜੀ. ਐਸ. ਫੂਲਾ ਸਿੰਘ ਦੀ ਫ਼ਰਮ ਵਲੋਂ ਇੱਕ Wedster Chicago ਕੰਪਨੀ ਦੀ Wire Recorder ਮਸ਼ੀਨ ਖ਼ਰੀਦੀ ਗਈ ਜੋ ਹਰ ਇੱਕ ਬੋਲ ਨੂੰ, ਚਾਹੇ ਕੀਰਤਨ ਹੋਵੇ ਜਾਂ ਭਾਸ਼ਨ ਹੋਵੇ, ਉਸਨੂੰ ਰਿਕਾਰਡ ਕਰ ਲੈਂਦੀ। ਇਹ ਇੱਕ ਘੰਟਾ ਤੱਕ ਚੱਲ ਸਕਦੀ ਸੀ (ਰਿਕਾਰਡ ਸਪੋਲ ਦੀ ਲੰਬਾਈ ਕਰਕੇ)। ਇਹ ਉਸ ਸਮੇਂ ਦੀ ਇੱਕ ਨਵੀਂ ਕਾਢ ਸੀ ਤੇ ਉਸ ਵੇਲੇ ਪਹਿਲੀ ਵਾਰੀ ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼ 23-11-1948 ਨੂੰ ਰਿਕਾਰਡ ਕੀਤੇ ਗਏ ਜੋ ਅਜੇ ਵੀ ਨਿਤਨੇਮ ਸਮੇਂ ਸਾਧ-ਸੰਗਤ ਵਿੱਚ ਸੁਣੇ ਜਾਂਦੇ ਹਨ। ਇਹ ਉਪਦੇਸ਼ ਦੇ ਪ੍ਰਵਚਨ ਸ਼ਬਦ-ਬ-ਸ਼ਬਦ 'ਲਾਲ ਏਹਿ ਰਤਨ' ਭਾਗ ਪਹਿਲੇ ਵਿੱਚ ਦਰਜ ਹਨ। ਇਸ ਮਸ਼ੀਨ 'ਤੇ ਰਿਕਾਰਡ ਕਰਨ ਦੀ ਸੇਵਾ ਇਕਬਾਲ ਸਿੰਘ ਮਨਚੰਦਾ ਨੂੰ ਸੌਂਪੀ ਗਈ। ਉਸ ਮਸ਼ੀਨ ਤੋਂ ਰਿਕਾਰਡ ਕੀਤੇ ਹੋਏ ਉਪਦੇਸ਼ ਇਸ ਵੇਲੇ ਟੇਪ ਮਸ਼ੀਨ ਰਾਹੀਂ ਟੇਪਾਂ 'ਤੇ ਕਾਪੀ ਕਰਕੇ ਰੱਖੇ ਹੋਏ ਹਨ।

ਇਸ ਦੌਰੇ 'ਤੇ ਇੱਕ ਫ਼ਿਲਮ ਵੀ ਤਿਆਰ ਕੀਤੀ ਗਈ ਸੀ। ਉਸ ਸਮੇਂ ਦੋ ਵੇਲੇ ਦੇ ਦੀਵਾਨਾਂ ਸਮੇਂ ਸੰਗਤ ਹੁਮ-ਹੁਮਾ ਕੇ ਦਰਸ਼ਨ ਦਿੰਦੀ, ਖ਼ਾਸ ਕਰਕੇ ਰੋਜ਼ ਦੇ ਸ਼ਾਮ ਵੇਲੇ ਜੋ ਗਰੀਬ-ਨਿਵਾਜ਼ ਜੀ ਉਪਦੇਸ਼ ਦਿੰਦੇ। ਉਸ ਸਮੇਂ ਸੰਗਤ ਦੀ ਹਾਜ਼ਰੀ ਭਰਪੂਰ ਹੁੰਦੀ। ਪਿਛਲੇ ਦੌਰੇ ਸਮੇਂ ਸੇਠ ਨਰੈਣ ਸਿੰਘ 'ਬੀਰ' ਦੇਸ਼ ਚਲਾ ਗਿਆ ਸੀ ਤੇ ਵਾਪਸੀ ਵੇਲੇ ਉਸਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਲਕੱਤੇ ਵਿਖੇ ਕੀਤੇ ਸਨ। ਉਹ ਵੀ ਆਪਣਾ ਵਿਹਾਰ ਸੇਠ ਪਰਿਵਾਰ ਨਾਲੋਂ ਵੱਖਰਾ ਕਰ ਰਿਹਾ ਸੀ। ਸਾਧ-ਸੰਗਤ ਦਾ ਬਹੁਤਾ ਕੰਮ ਸੰਤ ਪਰਤਾਪ ਸਿੰਘ ਜੀ 'ਮਸਤਾਨਾ' ਕਰਦੇ ਸਨ। ਇਨ੍ਹਾਂ ਦਿਨਾਂ ਵਿੱਚ ਸੇਠ ਨਰੈਣ ਸਿੰਘ ਦੀ ਲੜਕੀ ਦੀ ਸ਼ਾਦੀ ਸੀ ਤੇ ਉਹ ਆਪ ਸੰਗਤ ਵਿੱਚ ਘੱਟ ਆਉਣ ਲੱਗ ਪਿਆ ਸੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਵੀ ਦੀਵਾਨ ਵਿੱਚ ਆ ਕੇ ਘੱਟ ਕਰਦਾ ਸੀ। ਇਸਦਾ ਖ਼ਾਸ ਕਾਰਨ ਇਹ ਸੀ ਕਿ ਇਸ ਨੇ ਦੇਸ਼ ਜਾ ਕੇ ਆਪਣੇ ਛੋਟੇ ਭਰਾ ਦੀ ਸ਼ਾਦੀ ਗ਼ਲਤ ਮਰਯਾਦਾ ਨਾਲ ਕੀਤੀ ਸੀ ਤੇ ਸਤਿਗੁਰੂ ਜੀ ਇਸ ਕਰਕੇ ਨਰਾਜ਼ ਸਨ। ਇਸ ਨੇ ਆਪਣੀ ਕੀਤੀ ਭੁੱਲ ਦੀ ਬਖ਼ਸ਼ਿਸ਼ ਵੀ ਨਹੀਂ ਸੀ ਮੰਗੀ। ਇਸ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਚਾਰ ਜੋੜਿਆਂ ਦੀ ਸ਼ਾਦੀ 4-12-1948 ਨੂੰ ਇਕੱਠਿਆਂ ਕੀਤੀ ਗਈ। ਬਹੁਤ ਸਾਰੇ ਨਾਮਧਾਰੀ ਵੀਰ ਤੇ ਉਸਦੇ ਪਰਿਵਾਰ ਦੇ ਨਜ਼ਦੀਕੀ ਵੀ ਉਸਨੂੰ ਸਤਿਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰੀ ਭਰਨ ਲਈ ਕਹਿਣ ਗਏ, ਪਰ ਉਸਨੇ ਕਿਸੇ ਦਾ ਬਚਨ ਨਾ ਮੰਨਿਆ, ਸਗੋਂ ਕੁਝ ਸ਼ਬਦ ਐਸੇ ਵੀ ਵਰਤੇ ਜੋ ਅਯੋਗ ਸਨ। ਇਸ ਪਰਥਾਇ ਸ੍ਰੀ ਸਤਿਗੁਰੂ ਜੀ ਨੇ ਆਪਣੇ ਪਵਿੱਤਰ ਉਪਦੇਸ਼ਾਂ ਵਿੱਚ ਮਰਿਆਦਾ ਬਾਰੇ ਤੇ ਭੁੱਲਾਂ ਬਖ਼ਸ਼ਾਉਣ ਬਾਰੇ 1-12-1948 ਦੇ ਦਿਨ ਜ਼ਿਕਰ ਕੀਤਾ ਜੋ ਰਿਕਾਰਡ ਕੀਤਾ ਹੋਇਆ ਹੈ ਕਿ ਅੰਤ ਨੂੰ ਸਿੱਖ ਨੂੰ ਸਤਿਗੁਰੂ ਦੇ ਅੱਗੇ ਝੁਕਣਾ ਹੀ ਪੈਂਦਾ ਹੈ ਤੇ ਇਹ ਗਰੀਬ-ਨਿਵਾਜ਼ ਜੀ ਦੇ ਚਰਨਾਂ ਵਿੱਚ ਹਾਜ਼ਿਰ ਹੋਇਆ ਤੇ ਚਰਨਾਂ ਵਿੱਚ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਬਿਨਾਂ ਦੰਡ ਲਾਉਣ ਤੋਂ ਉਸਨੂੰ ਬਖ਼ਸ਼ ਦਿੱਤਾ।

ਇੱਕ ਵਾਰੀ ਸ੍ਰੀ ਸਤਿਗੁਰੂ ਜੀ ਨੇ ਦੇਸ਼ ਵਿਖੇ ਸੇਠ ਗੁਰਮੁਖ ਸਿੰਘ ਨੂੰ ਸੰਗਤ ਵਿੱਚ ਘੁੰਗਰੂ ਬੰਨ੍ਹ ਕੇ ਨੱਚਣ ਲਈ ਕਿਹਾ ਸੀ ਪਰ ਉਸਨੇ ਇਹ ਹੁਕਮ ਬੈਂਕੋਕ ਵਿਖੇ ਪੂਰਾ ਕੀਤਾ ਜਦੋਂ ਇੱਕ ਦਿਨ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਵਿੱਚ ਘਰੋਂ ਹੀ ਘੁੰਗਰੂ ਬੰਨ੍ਹ ਕੇ ਇਸ ਦੌਰੇ ਸਮੇਂ ਪੰਡਾਲ ਵਿੱਚ ਦੋ ਫੇਰੀਆਂ ਲੈ ਕੇ ਗਰੀਬ-ਨਿਵਾਜ਼ ਜੀ ਦੇ ਚਰਨਾਂ 'ਤੇ ਨਮਸਕਾਰ ਕਰਕੇ ਸੰਗਤ ਵਿੱਚ ਆਪਣੀ ਥਾਂ 'ਤੇ ਜਾ ਕੇ ਬੈਠ ਗਿਆ ਤੇ ਇਸ ਦ੍ਰਿਸ਼ ਨੂੰ ਕੇਵਲ ਉਹ ਹੀ ਵੇਖ ਸਕੇ ਜੋ ਉਸ ਵੇਲੇ ਦੀਵਾਨ ਦੀ ਹਾਜ਼ਰੀ ਭਰ ਰਹੇ ਸਨ ਤੇ ਸੇਠ ਜੀ ਨੇ ਗੁਰਬਾਣੀ ਦੀ ਇਸ ਤੁੱਕ ਨੂੰ ਪੂਰਨ ਕੀਤਾ 'ਨਾਚ ਰੇ ਮਨ ਗੁਰ ਕੇ ਆਗੈ।' ਸਤਿਗੁਰਾਂ ਨੇ ਆਪਣੇ ਸੇਵਕਾਂ ਦੇ ਗ੍ਰਹਿ ਪਵਿੱਤਰ ਕੀਤੇ ਤੇ ਉਸ ਵੇਲੇ ਸੰਤ ਖ਼ਜ਼ਾਨ ਸਿੰਘ ਜੀ ਦਾ ਲੜਕਾ ਸ. ਅਵਤਾਰ ਸਿੰਘ ਸਚਦੇਵ ਵੀ ਨਾਲ ਹੀ ਹੁੰਦਾ ਸੀ ਤੇ ਉਸ ਨਾਲ ਹਾਸ-ਰਸ ਦੇ ਬਚਨ ਕਰਦਿਆਂ ਕਿਹਾ "ਅਵਤਾਰ ਸਿੰਘ, ਤੂੰ ਬੇਫ਼ਿਕਰ ਰਹੀਂ, ਅਸੀਂ ਤੇਰਾ ਵਿਆਹ ਕਰਕੇ ਜਾਵਾਂਗੇ।" ਉਹ ਉਸ ਵੇਲੇ ਸੇਠ ਨਰੈਣ ਸਿੰਘ ਦੀ ਲੜਕੀ ਨਾਲ ਮੰਗਿਆ ਹੋਇਆ ਸੀ। ਸੋ ਸਤਿਗੁਰੂ ਜੀ ਦੇ ਹੁਕਮ ਨਾਲ ਉਨ੍ਹਾਂ ਦੀ ਹਜ਼ੂਰੀ ਵਿੱਚ ਇਹ ਸ਼ਾਦੀ 9-12-1948 ਨੂੰ ਹੋਈ ਅਤੇ ਆਪਣੇ ਸੇਵਕ ਨੂੰ ਖ਼ੁਸ਼ੀਆਂ ਬਖ਼ਸ਼ੀਆਂ ਤੇ ਆਪ ਸ੍ਰੀ ਹਜ਼ੂਰ ਸੇਵਕਾਂ ਸਹਿਤ ਵਾਪਸ ਦੇਸ਼ 10-12-1948 ਨੂੰ ਗਏ।

ਇੱਥੇ ਇਹ ਗੱਲ ਵਰਣਨਯੋਗ ਹੈ ਕਿ ਉਸ ਦਿਨ ਤੋਂ ਬਾਅਦ ਸੇਠ ਨਰੈਣ ਸਿੰਘ 'ਬੀਰ' ਦਾ ਸਿਤਾਰਾ ਜੋ ਕਿਸੇ ਵੇਲੇ

ਐਨਾ ਚਮਕ ਰਿਹਾ ਸੀ, ਉਸ ਦਾ ਤੇਜ ਘਟਣਾ ਸ਼ੁਰੂ ਹੋ ਗਿਆ ਤੇ ਦੂਜੀ ਸ਼੍ਰੇਣੀ ਵਿੱਚ ਉਸਦਾ ਮਾਣ ਘਟ ਗਿਆ। ਬੰਕੋਕ ਦੀ ਸਾਧ-ਸੰਗਤ ਵਿਚ ਕੀਰਤਨ ਦਾ ਪਰਵਾਹ ਹੋਰ ਵੀ ਅੱਗੇ ਨਾਲੋਂ ਵਧ ਗਿਆ ਕਿਉਂਕਿ ਸ੍ਰੀ ਸਤਿਗੁਰੂ ਜੀ ਸਭ ਨੂੰ ਬਾਣੀ ਕੰਠ ਕਰਨ ਦਾ ਹੁਕਮ ਦੇ ਗਏ ਸਨ ਅਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਬੱਤੀਆਂ ਬੁਝਾ ਕੇ ਕਰਦੇ ਤੇ ਰਾਤ ਦੇ ਦੀਵਾਨਾਂ ਦੀ ਰੌਣਕ ਵੀ ਵਧ ਗਈ। ਰੋਜ਼ ਰਾਤ ਨੂੰ ਇੱਕ ਘੰਟਾ ਨਿੱਤਨੇਮ ਵੀ ਹੁੰਦਾ ਜਿਸ ਵਿਚ ਬਹੁਤ ਸੰਗਤ ਮਾਈ ਭਾਈ ਦਰਸ਼ਨ ਦਿੰਦੇ। ਸੰਨ 1949 ਦੇ ਆਰੰਭ ਵਿੱਚ ਬੰਕੋਕ ਦੇ ਬਹੁਤ ਸਰੀਰ ਦੇਸ਼ ਵਿਖੇ ਹੋਲੇ ਦਾ ਮੇਲਾ ਵੇਖਣ ਲਈ ਤਿਆਰ ਹੋਏ ਜਿਨ੍ਹਾਂ ਵਿੱਚ ਸੰਤ ਫੂਲਾ ਸਿੰਘ, ਸੰਤ ਜਿਉਣ ਸਿੰਘ, ਸੰਤ ਈਸ਼ਰ ਸਿੰਘ ਮਨਚੰਦਾ, ਸੰਤ ਨਿਹਾਲ ਸਿੰਘ ਗੋਰੋਵਾੜਾ, ਸੰਤ ਪਰਤਾਪ ਸਿੰਘ 'ਮਸਤਾਨਾ', ਸੰਤ ਤਖ਼ਤ ਸਿੰਘ, ਸੇਠ ਤਰਲੋਕ ਸਿੰਘ ਪਰਿਵਾਰ ਸਹਿਤ ਸਨ। ਸੇਠ ਤਰਲੋਕ ਸਿੰਘ ਜੀ ਨੂੰ ਸੰਤਾਨ ਦੀ ਬੜੀ ਖ਼ੁਸ਼ੀ ਮਹਿਸੂਸ ਹੋ ਰਹੀ ਸੀ। ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਸਤਿਗੁਰੂ ਜੀ ਦੀ ਸੇਵਾ ਕਰਕੇ ਇਹ ਖ਼ੁਸ਼ੀ ਪ੍ਰਾਪਤ ਕਰੇ ਤੇ ਉਸਦੀ ਵਿਦਾਇਗੀ ਸਮੇਂ ਨਾਮਧਾਰੀ ਨੌਜਵਾਨ ਜਥੇ ਨੇ ਉਸਦੇ ਸਨਮਾਨ ਹਿੱਤ ਇੱਕ ਛੋਟੀ ਜਿਹੀ ਪਾਰਟੀ ਧਰਮਸ਼ਾਲਾ ਦੀ ਚੌਥੀ ਛੱਤ 'ਤੇ ਕੀਤੀ। ਉਸ ਵੇਲੇ ਬੜਾ ਚੰਗਾ ਵਾਤਾਵਰਣ ਸੀ ਤੇ ਪਹਿਲੀ ਵਾਰ ਇਕਬਾਲ ਸਿੰਘ ਮਨਚੰਦਾ ਨੇ ਉਸਦੇ ਸਨਮਾਨ ਹਿੱਤ ਕੁਝ ਸ਼ਬਦ ਕਹਿੰਦਿਆਂ ਇਹ ਮੰਗ ਮੰਗੀ ਕਿ 'ਸੇਠ ਜੀ ਜਿਸ ਆਸ਼ੇ ਨੂੰ ਲੈ ਕੇ ਦੇਸ਼ ਜਾ ਰਹੇ ਹਨ, ਸਤਿਗੁਰੂ ਜੀ ਇਨ੍ਹਾਂ ਦੀ ਇਸ ਸ਼ੁੱਭ ਮੰਗ ਨੂੰ ਭਾਗ ਲਾਉਣ ਤੇ ਇਹ ਖ਼ੁਸ਼ੀਆਂ ਲੈ ਕੇ ਫਿਰ ਸਾਡੇ ਜਥੇ ਵਿੱਚ ਸੁਸ਼ੋਭਿਤ ਹੋਣ।' ਤਾਂ ਉਸ ਵੇਲੇ ਸੇਠ ਜੀ ਨੇ ਕੁਝ ਸ਼ਬਦ ਜਥੇ ਦੇ ਧੰਨਵਾਦ ਵਿਚ ਕਹੇ ਕਿ 'ਤੁਹਾਡਾ ਪਿਆਰ ਮੈਨੂੰ ਕਦੇ ਨਹੀਂ ਭੁੱਲ ਸਕਦਾ ਤੇ ਮੈਂ ਇਹੀ ਚਾਹੁੰਦਾ ਹਾਂ ਕਿ ਸਾਧ-ਸੰਗਤ ਵਿੱਚ ਇਸ ਤੋਂ ਵੀ ਜ਼ਿਆਦਾ ਆਪਸ ਵਿੱਚ ਪਿਆਰ ਹੋਵੇ'। ਮਸਤਾਨਾ ਜੀ ਹੋਲੇ ਮੇਲੇ ਤੋਂ ਵਾਪਸ ਆ ਕੇ ਹੋਰ ਵੀ ਨਵੀਆਂ-ਨਵੀਆਂ ਧਾਰਨਾਂ ਪੜ੍ਹਦੇ ਤੇ ਕੀਰਤਨ, ਪਾਠ, ਵਰਨੀਆਂ, ਨਿੱਤਨੇਮ ਦਾ ਪਰਵਾਹ ਉਸੇ ਤਰ੍ਹਾਂ ਜਾਰੀ ਰਿਹਾ।

ਦੇਸ਼ ਤੋਂ ਚਿੱਠੀ ਰਾਹੀਂ ਇਹ ਖ਼ਬਰ ਮਿਲੀ ਕਿ ਅਗਲੇ ਸਾਲ ਦੇ ਹੋਲੇ ਲਈ ਸੰਤ ਫੂਲਾ ਸਿੰਘ ਜੀ ਨੇ ਬੰਕੋਕ ਵਿਖੇ ਮੇਲਾ ਕਰਨ ਲਈ ਅਰਜ਼ ਕੀਤੀ ਪਰ ਸੰਤ ਜਿਉਣ ਸਿੰਘ ਦੇ ਕਹਿਣ 'ਤੇ 'ਮੇਰਾ ਹਿੱਸਾ ਵੀ ਜ਼ਰੂਰ ਪਾਉ' ਤਾਂ ਫਿਰ ਇਹ ਮੇਲਾ ਸਮੁੱਚੀ ਸਾਧ-ਸੰਗਤ ਵੱਲੋਂ ਕਰਨਾ ਮਨਜ਼ੂਰ ਹੋਇਆ। ਇਸਨੂੰ ਸੁਣਕੇ ਸਾਧ-ਸੰਗਤ ਵਿੱਚ ਖ਼ੁਸ਼ੀ ਛਾ ਗਈ ਪਰ ਇਸੇ ਸਾਲ ਸੇਠ ਗੁਰਮੁਖ ਸਿੰਘ ਜੀ ਆਪਣੀ ਸੰਸਾਰ ਯਾਤਰਾ ਪੂਰੀ ਕਰਕੇ 2-7-1949 ਨੂੰ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਿਨਾਂ ਵਿੱਚ ਮਸਤਾਨਾ ਜੀ ਲੱਗੇ ਦੀਵਾਨ ਵਿੱਚ ਕਦੇ-ਕਦਾਈਂ ਸਿੱਖਾਂ ਸਾਧਾਂ ਦੇ ਬਚਨ ਸੁਣਾਉਂਦੇ ਤੇ ਸਾਧ-ਸੰਗਤ ਵੱਲੋਂ ਮੇਲਾ ਕਰਨ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਭੇਜੀ ਗਈ (ਨੋਟ : ਸੇਠ ਜੀ. ਐਸ. ਫੂਲਾ ਸਿੰਘ ਦੇ ਪਰਿਵਾਰ ਵੱਲੋਂ ਦੇਸ਼ ਵਿਖੇ ਮੇਲਾ ਕਰਨ ਦੀ ਅਰਜ਼ ਕੀਤੀ ਗਈ ਸੀ ਤੇ ਇਸ ਕਰਕੇ ਇਹ ਅਰਜ਼ ਦੁਬਾਰਾ ਸਮੁੱਚੀ ਸਾਧ-ਸੰਗਤ ਵੱਲੋਂ ਲਿਖਕੇ ਭੇਜੀ ਗਈ ਸੀ)। ਇਸੇ ਸਾਲ ਸੇਠ ਦਿਆਲ ਸਿੰਘ ਜੀ ਨੇ ਬੰਕੋਕ ਦੀ ਸੰਗਤ ਦਾ ਸੂਬਾ ਹੁੰਦਿਆਂ ਆਪਣੇ ਲੜਕੇ ਸੰਪੂਰਨ ਸਿੰਘ ਦੀ ਸ਼ਾਦੀ ਨਾਮਧਾਰੀ ਮਰਿਆਦਾ ਦੇ ਉਲਟ ਕੀਤੀ ਜਿਸ ਨਾਲ ਸਤਿਗੁਰੂ ਜੀ ਇਸ 'ਤੇ ਨਰਾਜ਼ ਹੋਏ ਤੇ ਇਸਨੂੰ ਤਨਖ਼ਾਹੀਆ ਕਰਾਰ ਦਿੱਤਾ। ਇਸੇ ਸਾਲ ਸੁਹੇਵੇ ਸਾਹਿਬ ਵਿਖੇ ਹੋਏ ਅਖੰਡ ਪਾਠਾਂ ਸਮੇਂ (ਜੋ 500 ਪਾਠ ਕੀਤੇ) ਸਤਿਗੁਰੂ ਜੀ ਦੇ ਚਰਨਾਂ ਵਿੱਚ ਸਭ ਸੰਗਤ ਵਿੱਚ ਭੁੱਲਿਆਂ ਹੋਇਆਂ ਨੂੰ ਬਖ਼ਸ਼ਣ ਲਈ ਬੇਨਤੀ ਕੀਤੀ ਤੇ ਇਸ ਬੇਨਤੀ ਨੂੰ ਵਾਰ-ਵਾਰ ਦੁਹਰਾਇਆ ਤਾਂ ਉਸ ਵੇਲੇ ਸੇਠ ਦਿਆਲ ਸਿੰਘ ਜੀ ਵੀ ਬਖ਼ਸ਼ੇ ਗਏ ਤੇ ਸੰਤ ਆਲਾ ਸਿੰਘ ਜੀ ਨੂੰ ਭੇਜਕੇ (ਸੇਠਾਂ ਵੱਲ) ਇਸ ਬਖ਼ਸ਼ਿਸ਼ ਦਾ ਹੁਕਮ ਸੁਣਾਇਆ (ਨੋਟ : ਇਹ ਬਖ਼ਸ਼ਿਸ਼ ਦਾ ਬਚਨ ਸੰਤ ਸੁੰਦਰ ਸਿੰਘ 'ਫ਼ਰੀਦ' ਨੇ ਲਿਖਵਾਇਆ ਹੈ)

ਨੋਟ : ਇੱਕ ਹੋਰ ਬਚਨ 2-1-78 ਨੂੰ ਸੁਰਜੀਤ ਸਿੰਘ ਖੁਰਾਨਾ, ਗਾਂਧੀ ਨਗਰ ਵਾਲੇ ਤੋਂ ਸੁਣ ਕੇ ਲਿਖਿਆ ਹੈ ਜੋ ਇਸ ਪ੍ਰਕਾਰ ਹੈ :- ਸੰਨ 1934 ਦੇ ਦੌਰੇ ਸਮੇਂ ਚੰਗਮਈ ਵਿਖੇ ਰਹਿੰਦੇ ਇੱਕ ਅਰਬ ਮੁਸਲਮਾਨ ਦਾ ਹਾਲ ਮੈਂ 'ਸਿਆਮ ਅੰਕ' ਵਿੱਚ ਲਿਖਕੇ ਭੇਜਿਆ ਸੀ ਕਿ ਕਿਵੇਂ ਸਤਿਗੁਰੂ ਜੀ ਨੇ ਉਸਦੀ ਆਸ਼ਾ ਨੂੰ ਪੂਰਨ ਕਰਨ ਲਈ ਉਸਨੂੰ ਗਲਵਕੜੀ ਵਿੱਚ ਲਿਆ ਸੀ। ਜਦ ਗਰੀਬ-ਨਿਵਾਜ਼ ਜੀ ਨੇ ਸੰਨ 1948 ਦੇ ਨਵੰਬਰ ਮਹੀਨੇ ਦਰਸ਼ਨ ਦਿੱਤੇ ਤਾਂ ਇਹ ਅਰਬ ਦੀਵਾਨ ਵਿੱਚ ਸਤਿਗੁਰੂ ਜੀ ਦੀ ਹਾਜ਼ਰੀ ਭਰਨ ਲਈ ਆਇਆ (ਇਸਦਾ ਜ਼ਿਕਰ ਮੈਂ ਪਿੱਛੇ ਕਰ ਆਇਆ ਹਾਂ ਕਿ ਇਸਨੂੰ ਸੁਪਨੇ ਵਿੱਚ ਦਰਸ਼ਨ ਹੋਏ ਸਨ) ਤਾਂ ਗਰੀਬ-ਨਿਵਾਜ਼ ਜੀ ਨੇ ਹੱਸ ਕੇ ਫ਼ੁਰਮਾਇਆ, "ਸੁਣਾਉ ਅਰਬ ਸਾਹਿਬ, ਕੀ ਹਾਲ ਹੈ? ਤਾਂ ਉਸਨੇ ਉੱਤਰ ਵਿੱਚ ਕਿਹਾ ਕਿ ਆਪ ਪਾਸੋਂ ਦੁਆ ਲੈਣ ਆਇਆ ਹਾਂ। ਸਤਿਗੁਰੂ ਜੀ ਨੇ ਭਾਈ ਰਤਨ ਸਿੰਘ ਜੀ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਇਹਨਾਂ ਨੂੰ ਦਵਾਈ ਦਿਓ ਤਾਂ ਅਰਬ ਜੀ ਨੇ ਕਿਹਾ,"ਮੈਨੂੰ ਇਸ ਦੁਆ ਦੀ ਲੋੜ ਨਹੀਂ, ਮੈਨੂੰ ਤਾਂ ਉਸ ਦੁਆ ਦੀ ਲੋੜ ਹੈ ਤੇ ਉਸਦਾ ਇਸ਼ਾਰਾ ਅਕਾਲ ਪੁਰਖ ਵੱਲ ਸੀ ਤੇ ਨਾਲ ਹੀ ਇਹ ਬਚਨ ਕੀਤਾ ਕਿ "ਮੇਰੇ ਸੀਨੇ ਠੰਢ ਪਾਉ।" ਸਤਿਗੁਰੂ ਜੀ ਬਚਨ ਕੀਤਾ ਕਿ "ਡੇਰੇ ਆਵੀਂ ਅਤੇ ਉਸ ਵੇਲੇ ਡੇਰਾ ਪੱਤੂਨਾਮ ਦੇ ਪਾਸ ਇੱਕ ਬੰਗਲੇ ਵਿਖੇ ਸੀ, ਜੋ ਕਿਰਾਏ 'ਤੇ ਲਿਆ ਹੋਇਆ ਸੀ। ਸਤਿਗੁਰੂ ਜੀ ਉੱਪਰ ਬਿਰਾਜਮਾਨ ਸਨ ਤੇ ਪਤਾ ਲੱਗਾ ਕਿ ਅਰਬ ਜੀ ਹੇਠਾਂ ਆਏ ਹਨ ਤਾਂ ਗਰੀਬ-ਨਿਵਾਜ਼ ਜੀ ਨੇ ਉਸਨੂੰ ਆ ਕੇ ਦਰਸ਼ਨ ਦਿੱਤੇ ਤੇ ਆਉਂਦਿਆਂ ਹੀ ਗਲਵੱਕੜੀ ਵਿੱਚ ਲੈ ਲਿਆ। ਉਸ ਅਰਬ ਮੁਸਲਮਾਨ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ ਤੇ ਆਪਸ ਵਿੱਚ ਬਚਨ ਬਿਲਾਸ ਕਰਦਿਆਂ ਉਸਨੇ ਬੇਨਤੀ ਕੀਤੀ ਕਿ ਮੇਰੇ ਗੋਡਿਆਂ ਵਿੱਚ ਦਰਦ ਰਹਿੰਦਾ ਹੈ, ਮੈਨੂੰ ਆਪਣੀ ਮਿਹਰ ਦੀ ਦਵਾ ਬਖ਼ਸ਼ੋ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ "ਤੂੰ ਜਿਸ ਅੱਲਾ ਪਾਕ ਨੂੰ ਮੰਨਦਾ ਹੈਂ, ਉਸੇ ਦਾ ਜਾਪ ਸੁਭਾ ਸ਼ਾਮ ਦੋ ਵੇਲੇ ਪੰਜ-ਪੰਜ ਮਿੰਟ ਇਸ ਲਈ ਕਰਿਆ ਕਰ, ਸਤਿਗੁਰੂ ਜੀ ਭਲੀ ਕਰਨਗੇ।"

ਸੰਗਤ ਵਿੱਚ ਹੋਲਾ ਮੇਲਾ ਹੋਣ ਕਾਰਨ ਬੜਾ ਉਤਸ਼ਾਹ ਸੀ ਕਿਉਂ ਕਿ ਇਹ ਮੇਲਾ ਪਹਿਲੀ ਵਾਰੀ ਪਰਦੇਸ ਵਿਖੇ ਹੋ ਰਿਹਾ ਸੀ। ਦੇਸ਼ ਗਏ ਸਰੀਰ ਵੀ ਕਾਫੀ ਗਿਣਤੀ ਵਿੱਚ ਵਾਪਸ ਆ ਗਏ ਸਨ। ਸੇਠ ਤਰਲੋਕ ਸਿੰਘ ਜੀ ਵੀ ਪਰਿਵਾਰ ਸਹਿਤ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਲੈ ਕੇ ਆਏ ਕਿਉਂਕਿ ਉਨ੍ਹਾਂ ਦੀ ਸੰਤਾਨ ਦੀ ਮਨੋ-ਕਾਮਨਾ ਪੂਰਨ ਹੋਣ ਵਾਲੀ ਸੀ। ਸ੍ਰੀ ਸਤਿਗੁਰੂ ਜੀ ਸਹਿਤ ਵੀਹ ਸਰੀਰਾਂ ਤੋਂ ਉੱਤੇ ਉਸ ਵੇਲੇ ਦਰਸ਼ਨ ਦਿੱਤੇ ਸਨ। ਕੁਝ ਕੁ ਨਾਮ ਇਸ ਪ੍ਰਕਾਰ ਹਨ: ਸ੍ਰੀ ਸਤਿਗੁਰੂ ਜੀ, ਬਾਬਾ (ਸਤਿਗੁਰੂ) ਜਗਜੀਤ ਸਿੰਘ, ਬਾਬਾ (ਮਹਾਰਾਜ) ਬੀਰ ਸਿੰਘ, ਭਾਈ ਵਜ਼ੀਰ ਸਿੰਘ, ਸੰਤ ਰਤਨ ਸਿੰਘ, ਸੰਤ ਆਲਾ ਸਿੰਘ, ਸੰਤ ਸੁੰਦਰ ਸਿੰਘ 'ਫ਼ਰੀਦ', ਸੰਤ ਨਿਧਾਨ ਸਿੰਘ 'ਆਲਿਮ', ਸੰਤ ਗਿਆਨ ਸਿੰਘ ਜੀ, ਸੰਤ ਪ੍ਰੀਤਮ ਸਿੰਘ ਪੱਧੀ ਵਾਲੇ ਤੇ ਉਨ੍ਹਾਂ ਦਾ ਕੀਰਤਨੀ ਜਥਾ, ਕੁੰਦਨ ਸਿੰਘ ਨਕੱਈ, ਸੋਹਨ ਸਿੰਘ ਕੁਲ 22 ਸਰੀਰ ਸਨ ਤੇ ਬੈਂਕੋਕ ਵਿੱਚ ਪਹਿਲੀ ਵਾਰ ਸੰਤ ਗਿਆਨ ਸਿੰਘ ਤੇ ਸੰਤ ਪ੍ਰੀਤਮ ਸਿੰਘ ਦੀ ਅਗਵਾਈ ਹੇਠਾਂ ਵਾਰੇ ਦੇ ਰੂਪ ਵਿੱਚ ਆਸਾ ਦੀ ਵਾਰ ਦਾ ਕੀਰਤਨ ਸਾਧ-ਸੰਗਤ ਨੇ ਸਰਵਣ ਕੀਤਾ। ਉਸ ਵੇਲੇ ਰਾਗੀ ਜਥਾ ਸੰਤ ਦਰਸ਼ਨ ਸਿਘ, ਖ਼ਜ਼ਾਨ ਸਿੰਘ ਵੀ ਨਾਲ ਆਏ ਸਨ। ਵਾਰੇ ਦੇ ਅਨੰਦ ਨੂੰ ਕਲਮ ਰਾਹੀਂ ਬਿਆਨ ਕਰਨਾ ਅਤਿ ਕਠਿਨ ਹੈ। ਗਰੀਬ-ਨਿਵਾਜ਼ ਜੀ ਨੇ 22 ਫ਼ਰਵਰੀ 1950 ਨੂੰ ਦਰਸ਼ਨ ਦਿੱਤੇ ਸਨ ਤੇ ਹੋਲਾ ਮਹੱਲਾ 5 ਮਾਰਚ 1950 ਵਾਲੇ ਦਿਨ ਸੀ। ਕੁਝ ਦਿਨ ਲੰਪਾਙ, ਚੰਗਮਈ ਦੀ ਸੰਗਤ ਨੂੰ ਦਰਸ਼ਨ ਦੇਣ ਤੋਂ ਬਾਅਦ ਇਹ ਮੇਲਾ ਬੈਂਕੋਕ ਵਿਖੇ ਆ ਕੇ ਆਰੰਭ ਕੀਤਾ। ਇਸ ਦੌਰੇ ਦੌਰਾਨ ਗਰੀਬ-ਨਿਵਾਜ਼ ਜੀ ਦਾ ਡੇਰਾ ਇੱਕ ਬੰਗਲੇ ਵਿਖੇ ਸੀ ਜੋ ਸਾਧ-ਸੰਗਤ ਨੇ ਕੁਝ ਕੁ ਦੇਰ ਲਈ ਕਿਰਾਏ 'ਤੇ ਰਾਜ-ਪਰਾਸ਼ੁੰਗ ਦੇ ਕੋਨੇ ਵਾਲੇ ਪਾਸੇ ਲਿਆ ਸੀ।

ਇਸ ਦੌਰੇ ਸਮੇਂ ਦੀਵਾਨ ਲਾਉਣ ਲਈ ਓਹੀ ਪੁਰਾਣੀ ਜਗ੍ਹਾ ਵੰਙ-ਬੁਰਾਫਾ (Burafa Palace) ਲਈ ਗਈ ਸੀ। ਇਸਦਾ ਪੰਡਾਲ ਤੇ ਸਿੰਘਾਸਨ ਬਹੁਤ ਸੁੰਦਰ ਤਰੀਕੇ ਨਾਲ ਸਜਾਇਆ ਗਿਆ ਸੀ ਤੇ ਦੋਵੇਂ ਵੇਲੇ ਕੀਰਤਨ ਉੱਥੇ ਹੀ ਹੁੰਦਾ ਤੇ ਸ਼ਾਮ ਵੇਲੇ ਨਿੱਤਨੇਮ ਤੇ ਗਰੀਬ-ਨਿਵਾਜ਼ ਜੀ ਆਪਣੇ ਪਵਿੱਤਰ ਮੁਖ਼ਾਰ-ਬਿੰਦ ਤੋਂ ਸ਼ੁੱਭ ਉਪਦੇਸ਼ ਵੀ ਦਿੰਦੇ ਤੇ ਕਦੇ-ਕਦੇ ਰਾਗੀ ਸਿੰਘਾਂ ਦੇ ਨਾਲ ਸੰਤ ਨਿਧਾਨ ਸਿੰਘ 'ਆਲਿਮ' ਜੀ ਵੀ ਕੀਰਤਨ ਦਾ ਸਾਥ ਦੇ ਕੇ ਹੋਰ ਵੀ ਅਨੰਦ ਬਣਾਉਂਦੇ ਪਰ ਖ਼ਾਸ ਕਰਕੇ ਹੋਲੇ ਵਾਲੇ ਦਿਨ ਜੋ ਵਾਰੇ ਦੇ ਰੂਪ ਵਿੱਚ ਕੀਰਤਨ ਦਾ ਅਨੰਦ ਆਇਆ, ਉਹ ਕਹਿਣ ਤੋਂ ਬਾਹਰ ਹੈ। ਇਹ ਸਵੇਰੇ ਅੰਮ੍ਰਿਤ ਵੇਲੇ ਪੂਰੇ ਤਿੰਨ ਵਜੇ ਆਰੰਭ ਹੋਇਆ ਜਿਸ ਵਿੱਚ ਸਤਿਗੁਰੂ ਜੀ ਸਹਿਤ ਦੋਵੇਂ ਬਾਬਾ ਜੀ ਉਸ ਦੀਆਂ ਸੁਰਾਂ ਨਾਲ, ਸੰਤ ਪ੍ਰੀਤਮ ਸਿੰਘ ਜੀ ਦੀ ਮਿੱਠੀ ਮਧੁਰ ਸੁਰ, ਸੰਤ ਗਿਆਨਾ ਸਿੰਘ ਜੀ ਦੀ ਭਰਵੀਂ ਆਵਾਜ਼, ਸੰਤ ਆਲਾ ਸਿੰਘ ਜੀ ਤੇ ਸੰਤ 'ਫ਼ਰੀਦ' ਜੀ ਦਾ ਸਾਥ, ਸੰਤ ਦਰਸ਼ਨ ਸਿੰਘ, ਖ਼ਜ਼ਾਨ ਸਿੰਘ ਦੀ ਅਤੇ ਸੰਤ ਨਿਧਾਨ ਸਿੰਘ 'ਆਲਿਮ' ਜੀ ਦੀ ਮਿੱਠੀ ਲੈਅ, ਇਹ ਸਭ ਮਿਲਕੇ ਇੱਕ ਅਦੁੱਤੀ ਨਜ਼ਾਰਾ ਸੀ ਜਿਸਦਾ ਭੋਗ ਸਵੇਰੇ 9 ਵਜੇ ਤੋਂ ਬਾਅਦ ਪਿਆ। ਇਸਦੀ ਬਾਬਤ ਇਹ ਹੀ ਕਿਹਾ ਜਾ ਸਕਦਾ ਹੈ 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ' (ਨੋਟ:- ਇਸ ਵਾਰੇ ਦਾ ਕੁੱਝ ਕੁ ਹਿੱਸਾ ਅੱਧੇ ਘੰਟੇ ਦੇ ਕਰੀਬ ਰਿਕਾਰਡ ਕੀਤਾ ਹੋਇਆ ਟੇਪ ਰਾਹੀਂ ਸੁਣਿਆ ਜਾ ਸਕਦਾ ਹੈ)। ਇਸ ਹੋਲੇ ਮਹੱਲੇ ਦੀ ਮਹੱਤਤਾ ਕਿੰਨੀ ਕੁ ਵੱਡੀ ਸੀ, ਇਹ ਸਤਿਗੁਰੂ ਜੀ ਆਪ ਹੀ ਜਾਣਦੇ ਹਨ। ਉਸੇ ਦਿਨ ਸ਼ਾਮ ਨੂੰ ਸਾਧ-ਸੰਗਤ ਵੱਲੋਂ 250 ਸਧਾਰਨ ਪਾਠਾਂ ਦੇ ਭੋਗ ਪਾਏ ਗਏ ਤੇ ਇਹ ਸਾਡੇ ਪਾਠ ਬੈਂਕੋਕ ਦੀ ਸਾਧ-ਸੰਗਤ ਨੇ ਮਿਲਕੇ ਆਪ ਕੀਤੇ ਸਨ (ਨੋਟ:- ਅੱਜ ਕੱਲ ਆਮ ਪ੍ਰਚੱਲਿਤ ਹੋ ਗਿਆ ਹੈ ਜੋ ਕੀਤਾ ਕਰਾਇਆ ਪਾਠ ਮੋਖ ਦੇ ਕੇ ਪਵਾਉਂਦੇ ਹਨ, ਪਰ ਅਜੇ ਵੀ ਕਈ ਸਰੀਰ ਹਨ ਜੋ ਆਪ ਪਾਠ ਕਰਕੇ ਭੋਗ ਪਵਾਉਂਦੇ ਹਨ)। ਦੂਜੇ ਦਿਨ ਸੁਭਾ-ਸ਼ਾਮ ਵੀ ਇਸੇ ਤਰ੍ਹਾਂ ਮੇਲਾ ਬਣਿਆ ਰਿਹਾ ਤੇ ਇਸ ਦਿਨ ਸ੍ਰੀ ਹਜ਼ੂਰ ਨੇ ਕਥਾ ਰਾਹੀਂ ਸ਼ੁਭ ਉਪਦੇਸ਼ ਵੀ ਦਿੱਤੇ। ਸ੍ਰੀ ਸਤਿਗੁਰੂ ਜੀ ਦਾ ਪ੍ਰੋਗਰਾਮ ਵਾਪਸ ਦੇਸ਼ ਜਾਣ ਦਾ 7-3-50 ਦਾ ਬਣਿਆ ਹੋਇਆ ਸੀ ਪਰ ਬਿਨਾਂ ਕਿਸੇ ਤੋਂ ਪੁੱਛਿਆਂ ਇੱਕ ਸਿੱਖ ਜੈਮਲ ਸਿੰਘ ਸੇਠੀ ਨੇ ਸਾਧ-ਸੰਗਤ ਵਿੱਚ ਖਲੋਕੇ ਬੇਨਤੀ ਕੀਤੀ, "ਇੱਕ ਦਿਨ ਸਾਧ-ਸੰਗਤ ਨੂੰ ਦਰਸ਼ਨ ਦੇਣ ਲਈ ਹੋਰ ਬਖ਼ਸ਼ੋ।" ਤਾਂ ਗਰੀਬ-ਨਿਵਾਜ਼ ਜੀ ਨਰਾਜ਼ ਹੋਏ ਕਿ ਖਲੋਕੇ ਬੇਨਤੀ ਕੀਤੀ ਹੈ ਤੇ ਇਸ ਲਈ ਧਿਆਨ ਦਿਆ ਕਰੋ। ਸੋ ਇਸ ਪ੍ਰਕਾਰ ਸ੍ਰੀ ਸਤਿਗੁਰੂ ਜੀ ਹਜ਼ੂਰੀ ਜਥੇ ਸਹਿਤ ਵਾਪਸ ਦੇਸ਼ 8-3-1950 ਨੂੰ ਗਏ।

ਬੈਂਕੋਕ ਦੀ ਸੰਗਤ ਵਿੱਚ ਕੀਰਤਨ ਕਰਨ ਦਾ ਚਾਉ ਹੋਰ ਵਧ ਗਿਆ। ਕਈ ਨਵੇਂ ਸ਼ਬਦ ਕੰਠ ਕੀਤੇ, ਰਾਤ ਵੇਲੇ ਵੀਰਵਾਰ ਦਾ ਕੀਰਤਨ ਤੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਲੱਗਣਾ ਸ਼ੁਰੂ ਹੋ ਗਿਆ। ਅੰਮ੍ਰਿਤ ਵੇਲੇ ਵੀਰਵਾਰ ਅਤੇ ਐਤਵਾਰ ਵਾਲੇ ਦਿਨ ਸਾਢੇ ਚਾਰ ਵਜੇ ਸ਼ੁਰੂ ਹੋ ਜਾਂਦਾ ਤੇ ਭੋਗ ਸੱਤ ਵਜੇ ਤੋਂ ਬਾਅਦ ਪੈਂਦਾ ਤੇ ਕਦੇ ਅਨੰਦ ਵਿੱਚ ਅੱਠ ਵੀ ਵੱਜ ਜਾਂਦੇ। 9-4-1950 ਐਤਵਾਰ ਵਾਲੇ ਦਿਨ ਵਾਰੇ ਦਾ ਕੀਰਤਨ ਸੰਤ ਪਰਤਾਪ ਸਿੰਘ 'ਮਸਤਾਨਾ' ਜੀ ਦੇ ਗ੍ਰਹਿ ਵਿਖੇ ਸੀ ਤੇ ਇਸਦਾ ਬਹੁਤ ਹੀ ਅਨੰਦ ਆਇਆ ਤੇ ਨੌਂ ਵਜੇ ਦੇ ਕਰੀਬ ਭੋਗ ਪਿਆ ਤਾਂ ਉੱਥੇ ਹੀ ਪਤਾ ਲੱਗਾ ਕਿ ਅਚਨਚੇਤ ਸੰਤ ਫੂਲਾ ਸਿੰਘ ਜੀ ਦੀ ਸਿਹਤ ਖ਼ਰਾਬ ਹੈ ਤੇ ਉਹਨਾਂ ਨੂੰ ਜ਼ੋਰਾਂ ਦਾ ਬੁਖ਼ਾਰ ਹੈ। ਉਹਨਾਂ ਦਾ ਘਰ ਵੀ ਮਸਤਾਨਾ ਜੀ ਦੇ ਗ੍ਰਹਿ ਦੇ ਨਜ਼ਦੀਕ ਸੀ। ਕਈਆਂ ਸਰੀਰਾਂ ਨੇ ਉਥੇ ਜਾ ਕੇ ਉਸੇ ਵੇਲੇ ਦਰਸ਼ਨ ਕੀਤੇ।

**(ਚੱਲਦਾ...............)**

**ਸਤਿਜੁਗ ਆਪ ਪੜ੍ਹੋ ਅਤੇ ਬੱਚਿਆਂ ਨੂੰ ਪੜ੍ਹਾਓ।**

# ਸੁੱਚੇ ਮੋਤੀ

✪ ਅਜਿਹਾ ਕੋਈ ਅੱਖਰ ਨਹੀਂ ਜੋ ਮੰਤਰ ਨਾ ਹੋਵੇ। ਅਜਿਹਾ ਕੋਈ ਪੌਦਾ ਨਹੀਂ ਜੋ ਦਵਾ ਨਾ ਬਣ ਸਕਦਾ ਹੋਵੇ ਅਤੇ ਅਜਿਹਾ ਕੋਈ ਮਨੁੱਖ ਨਹੀਂ, ਜੋ ਕਿਸੇ ਨਾ ਕਿਸੇ ਕੰਮ ਦਾ ਨਾ ਹੋਵੇ। ਇਨ੍ਹਾਂ ਸਾਰਿਆਂ ਦੀ ਯੋਗਤਾ ਅਨੁਸਾਰ ਵਰਤੋਂ ਕਰਨੀ ਚਾਹਿਦੀ ਹੈ।

**ਸ਼ੁਕਰਾਚਾਰੀਆ**

✪ ਆਪਣੇ ਮਨਾਂ ਅੰਦਰ ਚਲਦੇ ਯੁੱਧਾਂ ਨੂੰ ਖ਼ਤਮ ਕਰਕੇ ਹੀ ਤੁਸੀਂ ਸੰਸਾਰ ਭਰ ਵਿਚ ਚਲਦੇ ਯੁੱਧਾਂ ਨੂੰ ਖ਼ਤਮ ਕਰ ਸਕਦੇ ਹੋ।

**ਮਰਚੀਨਿਆਕ**

✪ ਜੇ ਕਰ ਗਲਤੀ ਨਾਲ ਕਿਸੇ ਦੀ ਕੋਈ ਚੀਜ਼ ਤੁਹਾਡੇ ਕੋਲ ਆ ਗਈ ਹੋਵੇ, ਤਾਂ ਤੁਰੰਤ ਉਸਦੀ ਚੀਜ਼ ਵਾਪਸ ਦੇ ਦੇਵੋ। ਉਸਨੂੰ ਆਪਣੀ ਬਨਾਉਣ ਦੀ ਭਾਵਨਾ ਕਦੇ ਨਹੀਂ ਹੋਣੀ ਚਾਹੀਦੀ।

**ਸੰਤ ਕਾਂਸੀ ਰਾਮ**

✪ ਸਾਧੂ ਉਹ ਨਹੀਂ, ਜੋ ਖਾਣਾ ਛੱਡ, ਸੰਸਾਰ ਨੂੰ ਤਿਆਗ, ਦੂਸਰਿਆਂ ਦੇ ਪੈਸੇ ਉਪਰ ਜਿਉਂਦਾ ਹੈ। ਸੱਚਾ ਸਾਧੂ ਉਹ ਹੈ, ਜੋ ਆਪਣੀ ਉਮਰ ਨੂੰ ਮਨੁੱਖ ਅਤੇ ਪ੍ਰਾਣੀ ਮਾਤਰ ਦੀ ਭਲਾਈ ਦੇ ਲਈ ਲਗਾ ਦੇਵੇ।

**ਵਿਨੋਬਾ ਭਾਵੇ**

✪ ਛੋਟੇ ਦਾਨੀ ਪੁਰਸ਼ ਦੀ ਵੀ ਇੱਜ਼ਤ ਕਰਨੀ ਚਾਹੀਦੀ ਹੈ, ਪ੍ਰੰਤੂ ਮਹਾਨ ਸੰਪਤੀ ਦੇ ਮਾਲਕ ਹੋਣ ਤੇ ਵੀ ਜੋ ਕੰਜੂਸ ਹੋਵੇ, ਉਸਦੀ ਨਹੀਂ।

**ਪੰਚਤੰਤਰ**

✪ ਗੁਣਾਂ ਦੇ ਨਾਲ ਹੀ ਮਨੁੱਖ ਮਹਾਨ ਹੁੰਦਾ ਹੈ, ਉੱਚੇ ਆਸਣ ਉੱਤੇ ਬੈਠਣ ਨਾਲ ਨਹੀਂ। ਮਹਿਲ ਦੇ ਉੱਚੇ ਸਿਖਰ ਉੱਤੇ ਬੈਠਣ ਨਾਲ ਵੀ ਕਾਂ ਗਰੁੜ ਨਹੀਂ ਹੋ ਸਕਦਾ।

**ਚਾਣਕਯ**

✪ ਸੰਜਮ ਅਤੇ ਮਿਹਨਤ ਮਨੁੱਖ ਦੇ ਦੋ ਸਰਬ-ਉੱਤਮ ਡਾਕਟਰ ਹਨ। ਮਿਹਨਤ ਨਾਲ ਬੁੱਧ ਤੇਜ਼ ਹੁੰਦੀ ਹੈ ਅਤੇ ਸੰਜਮ ਅਤਿ ਭੋਗ ਤੋਂ ਰੋਕਦਾ ਹੈ।

**ਰੂਸੋ**

✪ ਇੱਕ ਸਿਆਣੇ ਬੁੱਧੀਮਾਨ ਵਿਅਕਤੀ ਨਾਲ ਮੇਜ ਦੇ ਆਹਮਣੇ-ਸਾਹਮਣੇ ਕੀਤੀ ਸਾਧਾਰਨ ਵਾਰਤਾਲਾਪ ਇੱਕ ਮਹੀਨੇ ਵਿੱਚ ਪੜ੍ਹੀਆਂ ਪੁਸਤਕਾਂ ਤੋਂ ਵੱਧ ਮੁੱਲਵਾਨ ਹੁੰਦੀ ਹੈ।

# ਬੱਚਿਆਂ ਦਾ ਪੰਨਾ

## ਭਗਤ ਸਿੰਘ ਦੀ ਅਮਰ ਕਹਾਣੀ

ਭਗਤ ਸਿੰਘ ਇਕ ਬਾਲ ਪਿਆਰਾ।
ਬਚਪਨ ਤੋਂ ਹੀ ਬੜਾ ਨਿਆਰਾ।
ਕਿਸੇ ਕੋਲੋਂ ਨਾ ਸੰਗਿਆ ਸੀ ਉਹ।
ਆਪਣੇ ਰੰਗ ਵਿਚ ਰੰਗਿਆ ਸੀ ਉਹ।
ਵੇਖਣ ਨੂੰ ਸਭ ਦਾ ਸੱਕਾ ਸੀ।
ਪਰ ਆਪਣੀ ਧੁਨ ਵਿਚ ਪੱਕਾ ਸੀ।
ਕਿਸ਼ਨ ਸਿੰਘ ਦੀ ਅੱਖ ਦਾ ਤਾਰਾ।
ਵਿਦਿਆ ਵਤੀ ਬੇਬੇ ਦਾ ਪਿਆਰਾ।
ਸਿਰ ਤੇ ਅਰਜਨ ਸਿੰਘ ਜੀ ਬਾਬਾ।
ਸਾਰੇ ਉਸਦਾ ਮੰਨਦੇ ਦਾਬਾ।
ਦੇਸ਼ ਸੇਵਕ ਪਰਿਵਾਰ ਸੀ ਸਾਰਾ।
ਕਰਦੇ ਰਹਿੰਦੇ ਸੋਚ ਵਿਚਾਰਾ।
ਗੋਰਾ ਏਥੋਂ ਕਿਵੇਂ ਭਜਾਈਏ।
ਆਪਣਾ ਦੇਸ਼ ਆਜ਼ਾਦ ਕਰਾਈਏ।
ਦੇਸ਼ ਦੁਆਬਾ ਛਡ ਸਿਧਾਇਆ।
ਚੱਕ ਲਾਇਲਪੁਰ ਡੇਰਾ ਲਾਇਆ।
ਟੱਬਰ ਕਰਦਾ ਖੇਤੀ ਬਾੜੀ।
ਚੁਗ ਕੇ ਨਰਮਾ ਬੀਜਣ ਹਾੜੀ।
ਭਗਤ ਸਿੰਘ ਸੀ ਅਜੇ ਨਿਆਣਾ।
ਖੇਡਾਂ ਖੇਡੇ ਮਨ ਪਰਚਾਣਾ।
ਕਦੇ ਬਣਾਏ ਖੂਹ ਕਿਆਰੇ।
ਵੱਟਾਂ ਪਾ ਪਾ ਪਿਆ ਸ਼ਿੰਗਾਰੇ।
ਵੱਟਾਂ ਤੇ ਫਿਰ ਗੱਡੇ ਕਾਨੇ।
ਆਉਂਦੇ ਜਾਂਦੇ ਵੇਖਣ ਦਾਨੇ।
"ਦੱਸ ਕਾਕਾ ਕੀ ਬੀਜ ਰਿਹਾ ਏਂ?
ਕਿਹੜੀ ਫਸਲ ਤੇ ਰੀਝ ਰਿਹਾ ਏਂ।"
ਡਿੱਠਾ ਬਾਲ ਰਤਾ ਸਿਰ ਚਾ ਕੇ।
ਵੱਡੇ ਦੀ ਅੱਖ ਵਿਚ ਅੱਖ ਪਾ ਕੇ।
ਬੀਜ ਰਿਹਾ ਹਾਂ ਮੈਂ ਦੰਬੂਖਾਂ।
ਉੱਗਣ ਏਥੇ ਢੇਰ ਬੰਦੂਕਾਂ।
ਆਪਣਾ ਜਥਾ ਬਣਾਵਾਂਗਾ ਮੈਂ।
ਸ਼ਸਤਰ ਹੱਥ ਉਠਾਵਾਂਗਾ ਮੈਂ।
ਗੋਰਾ ਫੇਰ ਵੰਗਾਰਾਂਗਾ ਮੈਂ।
ਚੁਣ-ਚੁਣ ਦੁਸ਼ਮਣ ਮਾਰਾਂਗਾ ਮੈਂ।
"ਸਾਫ ਕਰੀਂ ਤੂੰ ਮੱਥਾ ਮੇਰਾ।
ਗੋਰੇ ਕੀ ਵਿਗਾੜਿਆ ਤੇਰਾ?"
-ਗੋਰੇ ਮੇਰਾ ਦੇਸ਼ ਜਕੜਿਆ।
-ਮੇਰਾ ਚਾਚਾ ਅਜੀਤ ਪਕੜਿਆ।
ਸੁਵਰਨ ਚਾਚਾ ਸੀ ਕੋਹਲੂ ਜੋਇਆ।
ਜ਼ਿਹਲੋਂ ਬਾਹਰ ਆਉਂਦਿਆਂ ਮੋਇਆ।
ਜਦ ਵੀ ਖੇਡਕੇ ਘਰ ਜਾਵਾਂਗਾ।
ਮੈਂ ਉਹ ਦ੍ਰਿਸ਼ ਨਾਂ ਦੇਖ ਪਾਵਾਂਗਾ।
ਦੋ ਚਾਚੀਆਂ ਦੇ ਸੁਣ ਹਟਕੋਰੇ।
ਦਾਦੀ ਮਾਂ ਜਿਸ ਪੁੱਤਰ ਤੋਰੇ।
ਰੁਦਨ ਉਹਦਾ ਅਸਮਾਨ ਕੰਬਾਵੇ।
ਮੈਨੂੰ ਰਾਤੀ ਨੀਂਦ ਨਾ ਆਵੇ।
ਇਸ ਲਈ ਮੈਂ ਹੁਣ ਕਰੀ ਤਿਆਰੀ।
ਚਾਚਾ ਜੀ ਹੁਣ ਮੇਰੀ ਵਾਰੀ।
ਬਿੱਲਾ ਦੇਸੋਂ ਬਾਹਰ ਭਜਾਉਣਾ।
ਚਾਚਾ ਜੀ ਨੂੰ ਘਰ ਲੈ ਆਉਣਾ।
ਭਗਤ ਨੇ ਵਾਅਦਾ ਖੂਬ ਨਿਭਾਇਆ।
ਜੀਵਨ ਲੋਕਾਂ ਲੇਖੇ ਲਾਇਆ।
ਕੰਬ ਗਈ ਸੀ ਗੋਰਾ ਸ਼ਾਹੀ।
ਸੂਰਮਿਆਂ ਨੇ ਮੌਤ ਵਿਆਹੀ।
ਮਾਰਚ ਸੰਨ ਸੰਤਾਲੀ ਆਇਆ।
ਨਹਿਰੂ ਆਖ ਅਜੀਤ ਮੰਗਾਇਆ।
ਲੰਮੀ ਉਮਰ ਗੋਰਾ ਸਤਾਏ।
ਡਲਹੌਜ਼ੀ ਵਿਚ ਡੇਰੇ ਲਾਏ।
ਪੰਦਰਾਂ ਅਗਸਤ ਉੱਨੀਂ ਸੰਤਾਲੀ।
ਸੂਰਜ ਰਤਾ ਵਿਖਾਈ ਲਾਲੀ।
ਦੇਸ਼ ਆਜ਼ਾਦ ਹੋ ਗਿਆ ਮੇਰਾ।
ਏਥੋਂ ਵਕਤ ਜਾਣ ਦਾ ਤੇਰਾ।
ਭਗਤ ਸਿੰਘ ਵਿਚ ਸੁਰਤ ਟਿਕਾਈ।
ਅੰਤਿਮ ਫਤਿਹ ਅਜੀਤ ਬੁਲਾਈ।
ਭਗਤ ਸਿੰਘ ਦੀ ਅਮਰ ਕਹਾਣੀ।
ਜੀਵੇ ਦੇਸ਼ ਤੇ ਜੀਵੇ ਜਵਾਨੀ।

**ਸੁਵਰਨ ਸਿੰਘ ਵਿਰਕ**
**ਕਰੀਵਾਲਾ, ਸਿਰਸਾ**
**ਸੰਪਰਕ:99963-71716**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦੌਰੇ

☞ ਪੰਥਕ ਗਤੀਵਿਧੀਆਂ ☞ ਖ਼ਬਰਨਾਮਾ

## ਇਲਾਕਾ ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਜੀ ਦਾ ਦੌਰਾ

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਾਜਿਆ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਿਵਾਜਿਆ ਹੈ। ਇਲਾਕਾ ਸ੍ਰੀ ਜੀਵਨ ਨਗਰ। ਇਸ ਇਲਾਕੇ ਨਾਲ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਅਣਗਿਣਤ ਯਾਦਾਂ ਜੁੜਿਆਂ ਹੋਈਆਂ ਹਨ। ਉਹਨਾਂ ਹੀ ਯਾਦਾਂ ਨੂੰ ਫਿਰ ਸਾਧ ਸੰਗਤ ਦੇ ਮਨਾਂ ਅੰਦਰ ਤਰੋ ਤਾਜ਼ਾ ਕਰਨ ਲਈ ਵਰਤਮਾਨ ਸਤਿਗੁਰੂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਸ ਧਰਤੀ ਨੂੰ ਸਮੇਂ ਸਮੇਂ ਭਾਗ ਲਾਉਂਦੇ ਰਹਿੰਦੇ ਹਨ ਅਤੇ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਦੀ ਅਰਜ ਨੂੰ ਪ੍ਰਵਾਨ ਕਰਦੇ ਹੋਏ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਦੇ ਹਨ।

ਪਿਛਲੇ ਦਿਨੀਂ ਮਿਤੀ 18 ਜੁਲਾਈ 2018 ਈ: ਮੁਤਾਬਿਕ 3 ਸਾਵਣ 2075 ਦਿਨ ਬੁੱਧਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਦੁਪਹਿਰ 12 ਵੱਜ ਕੇ 10 ਮਿੰਟ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਸਿੱਖ-ਸੇਵਕਾਂ ਸਹਿਤ ਸ੍ਰੀ ਮਸਤਾਨਗੜ੍ਹ ਇਲਾਕਾ ਸ੍ਰੀ ਜੀਵਨ ਨਗਰ ਵਿਖੇ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਕਮਰਕੱਸੇ ਕਰ ਚਾਲੇ ਪਾਏ। ਵਾਇਆ ਬਠਿੰਡਾ, ਡੱਬਵਾਲੀ ਹੁੰਦੇ ਹੋਏ ਬਾਅਦ ਦੁਪਹਿਰ 3:45 ਤੇ ਮਸਤਾਨਗੜ੍ਹ ਪਹੁੰਚਣ ਉਪਰੰਤ ਜਲ ਪਾਣੀ ਛਕਣ ਤੋਂ ਬਾਅਦ ਸ੍ਰੀ ਜੀਵਨ ਨਗਰ ਰਹਿੰਦੇ ਸ੍ਰ:ਅਮਰ ਸਿੰਘ ਨੰਬਰਦਾਰ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਪ੍ਰੀਤਮ ਕੌਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਨੰਬਰਦਾਰ ਅਮਰ ਸਿੰਘ ਜੀ 92 ਸਾਲ ਦੀ ਉਮਰ ਵਿਚ ਵੀ ਅਵਾਜ਼ ਵਿਚ ਪੂਰਾ ਦਮ ਸੀ ਅਤੇ ਗੜ੍ਹਕਵੀਂ ਅਵਾਜ਼ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੇ ਬਚਨ ਸੁਣਾ ਕੇ ਮਾਹੌਲ ਪੂਰਾ ਖੁਸ਼ਗਵਾਰ ਬਣਾ ਦਿੱਤਾ, ਸਤਿਗੁਰੂ ਉਦੇ ਸਿੰਘ ਜੀ ਵੀ ਆਪਣੇ ਪੁਰਖਿਆਂ ਦੇ ਬਚਨ ਸੁਣ ਕੇ ਬਹੁਤ ਪ੍ਰਸੰਨ ਹੋਏ। ਇਸ ਤੋਂ ਬਾਅਦ ਜੀਵਨ ਨਗਰ ਪਟਰੋਲ ਪੰਪ ਤੇ ਹੋ ਕੇ ਗੁਰਦੀਪ ਸਿੰਘ ਬਾਈ ਹਾਕੀ ਵਾਲੇ ਦੇ ਪਿਤਾ ਸ੍ਰ: ਜਸਵੰਤ ਢਿੰਘ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕਰਕੇ ਸ੍ਰ: ਮਲਕੀਤ ਸਿੰਘ, ਸ੍ਰ: ਜਰਨੈਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ।

ਸੰਤ ਨਗਰ ਸ੍ਰ: ਰਘਬੀਰ ਸਿੰਘ ਸੈਣੀ ਦੇ ਘਰ ਦਰਸ਼ਨ ਦਿੱਤੇ ਅਤੇ ਇਸ ਤੋਂ ਬਾਅਦ ਹਾਰਨੀਆਂ ਨਿੰਮ ਵਾਲੀ ਢਾਣੀ ਸ੍ਰ: ਹਰਦਿਆਲ ਸਿੰਘ ਦੀ ਧਰਮ ਪਤਨੀ ਬੀਬੀ ਚਰਨ ਕੌਰ ਦੇ ਚੜ੍ਹਾਈ ਕਰ ਜਾਣ ਤੇ ਪ੍ਰੀਵਾਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਇਥੋਂ ਹੀ ਪ੍ਰਤਾਪ ਨਗਰ ਵਿਖੇ ਨਵੇਂ ਬਣ ਰਹੇ ਗੁਰਦੁਆਰੇ ਦੇ ਮੰਦਰ ਵਾਲੀ ਥਾਂ ਤੇ ਚਰਨ ਪਾ ਕੇ ਐਲਨਾਬਾਦ ਨਾਮਧਾਰੀ ਧਰਮਸਾਲਾ ਵਿਖੇ ਨਿਤਨੇਮ ਵਿਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਨੇ ਵਾਰੀ ਵਾਰੀ ਕਤਾਰਾਂ ਵਿਚ ਬਹੁਤ ਆਦਰ ਸਹਿਤ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਭੇਟਾ ਧਰ ਨਮਸਕਾਰ ਕੀਤੀ। ਨਿਤੇਮ ਦੀ ਸਮਾਪਤੀ ਤੇ ਹੀਰਾ ਸਿੰਘ ਦੀ ਅਗਵਾਈ ਵਿਚ ਛੋਟੇ ਬੱਚਿਆਂ ਨੇ ਨਾਮਧਾਰੀ ਪੰਥ ਦੀ ਪੁਰਾਤਨ ਸ਼ੈਲੀ ਢੋਲਕੀ ਛੈਣਿਆਂ ਨਾਲ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਧਾਰਨਾ ਪੜੀ, " ਰੱਖੀ ਗੁਰੂ ਰਾਮ ਸਿੰਘ ਨੇ ਨਹੀਂ ਤੇ ਖਾਲਸੇ ਦੀ ਰੀਤ ਮਿੱਟ ਜਾਂਦੀ। " ਐਲਨਾਬਾਦ ਵਿਖੇ ਹੀ ਨਾਮ ਸਿਮਰਨ ਤੋਂ ਪਹਿਲਾਂ ਬਾਈ ਪਾਸ ਤੇ ਸ੍ਰ: ਪਰਗਟ ਸਿੰਘ ਸਮਸੇ ਵਾਲੇ ਦੇ ਘਰ ਚਰਨ ਪਾਏ ਅਤੇ ਮਾ: ਗੁਰਦਿਆਲ ਸਿੰਘ ਦੀ ਪਤਨੀ ਬੀਬੀ ਮਹਿੰਦਰ ਕੌਰ ਦੇ ਚੜ੍ਹਾਈ ਕਰਨ ਤੇ ਘਰ ਦਰਸ਼ਨ ਦਿੱਤੇ। ਐਲਨਾਬਾਦ ਤੋਂ ਵਾਪਸੀ ਸਮੇਂ ਪ੍ਰਤਾਪ ਨਗਰ ਵਿਖੇ ਨਹਿਰ ਤੇ ਸ੍ਰ: ਮੁਖਤਿਆਰ ਸਿੰਘ ਦੇ ਪੁੱਤਰ ਸ੍ਰ: ਕਿਰਪਾਲ ਸਿੰਘ ਤੇ ਮੁਖਤਿਆਰ ਸਿੰਘ ਦੇ ਨਵੇਂ ਬਣੇ ਮਕਾਨਾਂ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਵਾਪਸ ਮਸਤਾਨਗੜ੍ਹ ਵਿਖੇ ਜਲਪਾਣੀ ਛਕ ਰਾਤ ਵਿਸ਼ਰਾਮ ਕੀਤਾ।

ਮਿਤੀ 19 ਜੁਲਾਈ 2018 ਮੁਤਾਬਿਕ 4 ਸਾਵਣ 2075 ਬਿਕਰਮੀ ਦਿਨ ਵੀਰਵਾਰ ਅੰਮ੍ਰਿਤ ਵੇਲੇ ਸਵੇਰੇ ਆਸਾ ਦੀ ਵਾਰ ਕੀਰਤਨ ਮਸਤਾਨਗੜ੍ਹ ਵਿਖੇ ਨਵੇ ਬਣੇ ਸ਼ੈਡ ਵਿਚ ਉਸਤਾਦ ਮਹਿੰਦਰ ਸਿੰਘ ਅਤੇ ਹਰਜੀਤ ਸਿੰਘ ਸਿਰਸਾ ਦੀ ਅਗਵਾਈ ਵਿਚ ਨੌਜਵਾਨ ਨਾਮਧਾਰੀ ਜਥੇ ਨੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਕੀਤਾ। ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਉਚੇਚੇ ਤੌਰ ਤੇ ਸਾਧ ਸੰਗਤ ਨੂੰ ਬੈਠਣ ਲਈ ਹੁਕਮ ਕੀਤਾ। ਮਸਤਾਨਗੜ੍ਹ ਵਿਖੇ ਆਸਾ ਦੀ ਵਾਰ ਸਮੇ ਸਾਧ ਸੰਗਤ ਭਰਪੂਰ ਹਾਜ਼ਰੀ ਵਿੱਚ ਸੀ, ਸਾਧ ਸੰਗਤ ਹੁਮ ਹੁਮਾ ਕੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦਾ ਆਨੰਦ ਮਾਨਣ ਲਈ ਪਹੁੰਚੀ ਹੋਈ ਸੀ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਨੂੰ ਪਵਿਤਰ ਉਪਦੇਸ਼ ਦੇਣ ਦੀ ਕ੍ਰਿਪਾ ਕੀਤੀ ਅਤੇ ਹੁਕਮ ਕੀਤਾ ਕਿ, "ਅਸੀਂ ਸਤਿਗੁਰੂ ਸਾਹਿਬਾਂ ਵਲੋਂ ਦਿੱਤੀ ਗੁਰਸਿੱਖੀ ਦੀ ਅਨਮੋਲ ਦਾਤ ਨੂੰ ਨਾ ਵਿਸਾਰੀਏ ਅਤੇ ਆਪਣੇ

ਬੱਚਿਆ ਨੂੰ ਗੁਰਸਿੱਖੀ ਨਾਲ ਜੋੜ ਕੇ ਰਖੀਏ।" ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਈ ਹੋਈ ਸਾਧ ਸੰਗਤ ਦੀਆਂ ਅਰਜਾਂ ਸੁਨਣ ਦੀ ਕਿਰਪਾ ਕੀਤੀ। ਮਸਤਾਨਗੜ੍ਹ ਵਿਖੇ ਪ੍ਰਸ਼ਾਦਾ ਪਾਣੀ ਛਕਣ ਉਪਰੰਤ ਅਮਰਾਸਰ ਵਿਖੇ ਸ੍ਰ: ਸਾਧਾ ਸਿੰਘ ਦੀ ਧਰਮ ਪਤਨੀ ਬੀਬੀ ਪ੍ਰਸਿੰਨ ਕੌਰ ਦੇ ਚੜ੍ਹਾਈ ਕਰ ਜਾਣ ਤੇ ਉਹਨਾਂ ਦੇ ਗ੍ਰਿਹ ਵਿਖੇ ਦਰਸ਼ਨ ਦੇ ਕੇ ਪਰਿਵਾਰ ਨੂੰ ਨਿਵਾਜਿਆ। ਇਥੋਂ ਹੀ ਸ੍ਰੀ ਸਤਿਗੁਰੂ ਜੀ ਸੰਤ ਨਗਰ ਵਿਖੇ ਸ੍ਰ: ਪੂਰਨ ਸਿੰਘ ਵਰਨ ਦੇ ਭਤੀਜੇ ਨੂੰ ਦਰਸ਼ਨ ਦਿੱਤੇ ਜੋ ਹਸਪਤਾਲ ਵਿਚੋਂ ਸਿਹਤਵਾਨ ਹੋ ਕੇ ਘਰ ਸਹੀ ਸਲਾਮਤ ਵਾਪਸ ਆਇਆ ਹੈ। ਉਪਰੰਤ ਸ੍ਰੀ ਸਤਿਗੁਰੂ ਜੀ ਸਿਰਸਾ ਸ਼ਹਿਰ ਵਿਖੇ ਸਾਗਵਾਨ ਚੌਂਕ ਵਿਚ "ਲਾਈਫ ਲਾਈਨ" ਹਸਪਤਾਲ ਵਿਚ ਚਰਨ ਪਾਉਣ ਦੀ ਕਿਰਪਾ ਕਰਕੇ ਦਿੱਲੀ ਵੱਲ ਰਵਾਨਾ ਹੋਏ।

**ਸੂਬਾ ਬਲਵਿੰਦਰ ਸਿੰਘ ਝੱਲ**

---

# ਦੀਵਾਨਾਂ ਦਾ ਪਰਵਾਹ

ਸਮੇਂ ਦੇ ਮਾਲਕ ਪਰਮ ਪੂਜਯ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਦੀਵਾਨਾਂ ਦਾ ਪ੍ਰਵਾਹ ਚੱਲ ਰਿਹਾ ਹੈ। ਇਸ ਪ੍ਰਵਾਹ ਵਿਚ ਵੱਖ-ਵੱਖ ਜਥੇਦਾਰਾਂ ਵਲੋਂ ਦੀਵਾਨ ਸਜਾਏ ਜਾਂਦੇ ਹਨ। ਉਹਨਾਂ ਦੀਵਾਨਾਂ ਵਿਚੋਂ ਜਿਹੜੇ ਦੀਵਾਨ ਸਤਿਗੁਰੂ ਜੀ ਦੀ ਕਿਰਪਾ ਸਦਕਾ "ਸੂਬਾ ਸੰਦੀਪ ਸਿੰਘ ਕਰੀਵਾਲਾ" ਅਤੇ ਉਹਨਾਂ ਦੇ ਜਥੇ ਨੇ ਸਜਾਏ ਉਹਨਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**ਤਰੀਕ 9-6-2018** ਨੂੰ ਪਿੰਡ ਜੌਹਲ ਸੰਤ ਸਰਦਾਰਾ ਸਿੰਘ ਜੀ ਦੇ ਗ੍ਰਿਹਿ ਵਿਖੇ ਦੀਵਾਨ ਸਜਾਇਆ ਗਿਆ। ਜਿਸ ਵਿਚ ਸੂਬਾ ਜੀ ਨੇ ਸੰਗਤ ਨੂੰ ਸਤਿਗੁਰੂ ਜੀ ਦੇ ਚਰਨਾਂ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ।

**ਤਰੀਕ 10-6-2018** ਨੂੰ ਪਿੰਡ ਬੰਗਾਲੀਪੁਰ ਵਿਖੇ ਸੂਬਾ ਸਾਹਿਬ ਸਿੰਘ ਜੀ ਦੀ ਯਾਦ ਵਿਚ ਮੇਲਾ ਮਨਾਇਆ ਗਿਆ। ਮੇਲੇ ਵਿਚ ਸੂਬਾ ਜੀ ਨੇ ਦੀਵਾਨ ਲਗਾਇਆ ਅਤੇ ਸੰਗਤਾਂ ਨੂੰ ਸੂਬਾ ਸਾਹਿਬ ਸਿੰਘ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ।

**ਤਰੀਕ 12-6-2018** ਨੂੰ ਪਿੰਡ ਤਾਜੋਆਲ ਵਿਖੇ ਦੀਵਾਨ ਸਜਾਏ ਗਏ। ਦੀਵਾਨ ਵਿਚ ਸੂਬਾ ਜੀ ਨੇ ਪੰਜਵੇਂ ਪਾਤਸ਼ਾਹ ਜੀ 'ਸ੍ਰੀ ਗੁਰੂ ਅਰਜਨ ਦੇਵ ਜੀ' ਦੇ ਸਮੇਂ ਵਿਚ ਹੋਏ 'ਭਾਈ ਬਹਿਲੋ ਜੀ' ਦਾ ਪ੍ਰਸੰਗ ਸੰਗਤ ਨੂੰ ਸ੍ਰਵਣ ਕਰਵਾਇਆ।

**ਤਰੀਕ 13-6-2018** ਨੂੰ ਪਿੰਡ ਸਰਾਏ ਖਾਸ ਵਿਖੇ ਦੀਵਾਨ ਸਜਾਏ ਗਏ। ਜਿਸ ਵਿਚ ਸੂਬਾ ਜੀ ਨੇ ਸੰਗਤ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਬਾਰੇ ਦੱਸਿਆ ਅਤੇ ਉਹਨਾਂ ਦੇ ਵਿਯੋਗ ਵਿਚ ਸੰਤ ਹਰਨਾਮ ਸਿੰਘ ਅਤੇ ਉਹਨਾਂ ਦੀ ਸੁਪਤਨੀ ਮਾਈ ਚੰਦੋ ਦੇ ਜੀਵਨ ਬਾਰੇ ਵੀ ਸੰਗਤਾਂ ਨੂੰ ਸ੍ਰਵਣ ਕਰਵਾਇਆ।

**ਤਰੀਕ 15-6-2018** ਨੂੰ ਸ੍ਰੀ ਅੰਮ੍ਰਿਤਸਰ ਸ਼ਹੀਦੀ ਸਮਾਰਕ ਵਿਖੇ ਦੀਵਾਨ ਸਜਾਏ ਗਏ। ਇਸ ਦੀਵਾਨ ਵਿਚ ਸੂਬਾ ਸੰਦੀਪ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ਼ਹੀਦਾਂ ਸਿੰਘਾਂ ਦਾ ਪ੍ਰਸੰਗ ਸੰਗਤ ਨੂੰ ਸ੍ਰਵਣ ਕਰਵਾਇਆ।

**ਤਰੀਕ 17-6-2018** ਨੂੰ ਪਿੰਡ ਘਸੀਟਪੁਰ ਵਿਖੇ ਦੀਵਾਨ ਸਜਾਇਆ ਗਿਆ। ਇਸ ਦੀਵਾਨ ਵਿਚ ਸੂਬਾ ਜੀ ਨੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਸੰਗ ਸੰਗਤ ਨੂੰ ਸ੍ਰਵਣ ਕਰਵਾਇਆ।

**ਤਰੀਕ 18-6-2018** ਨੂੰ ਪਿੰਡ ਸਿੰਘਪੁਰ ਵਿਖੇ ਦੀਵਾਨ ਸਜਾਇਆ ਗਿਆ ਅਤੇ ਇਹ ਦੀਵਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੰਬੰਧ ਵਿਚ ਲਗਾਇਆ ਗਿਆ।

**ਤਰੀਕ 20-6-2018** ਨੂੰ ਪਿੰਡ ਸਸਰਾਲੀ ਕਲੌਨੀ ਵਿਖੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸੰਬੰਧ ਵਿਚ ਦੀਵਾਨ ਸਜਾਏ ਗਏ। ਇਸ ਦੀਵਾਨ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਤਿਹਾਸ ਸੰਗਤ ਨੂੰ ਸ੍ਰਵਣ ਕਰਵਾਇਆ ਗਿਆ।

**ਫਿਰੋਜ਼ਪੁਰ**

**ਤਰੀਕ 24-6-2018** ਨੂੰ ਦੁਪਹਿਰ ਦਾ ਦੀਵਾਨ ਪਿੰਡ ਸਾਬੂਆਣਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਸਜਾਇਆ ਗਿਆ। ਇਸ ਦੀਵਾਨ ਵਿਚ ਸੂਬਾ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਸਾਖੀ ਭਾਈ ਠਾਕਰ ਸਿੰਘ ਸਪੁਤਰ ਖੜਕ ਸਿੰਘ ਵਾਲੀ ਸੰਗਤ ਨੂੰ ਸ੍ਰਵਣ ਕਰਵਾਈ।

**ਜਲੰਧਰ**

**ਤਰੀਕ 24-6-2018** ਨੂੰ ਰਾਤ ਦਾ ਦੀਵਾਨ ਪਿੰਡ ਧਨਾਲ ਜ਼ਿਲ੍ਹਾ ਜਲੰਧਰ ਵਿਖੇ ਸਜਾਇਆ ਗਿਆ। ਇਸ ਦੀਵਾਨ ਵਿਚ ਸੂਬਾ ਜੀ ਨੇ ਗੁਰੂ ਅਰਜਨ ਦੇਵ ਜੀ ਦਾ ਭਾਈ ਤੀਰਥੇ ਵਾਲਾ ਪ੍ਰਸੰਗ ਸੰਗਤ ਨੂੰ ਸ੍ਰਵਣ ਕਰਵਾਇਆ।

**ਸੰਤ ਦਰਸ਼ਨ ਸਿੰਘ ਲਾਂਗਰੀ**

**ਸਾਧ ਸੰਗਤ ਅਗੇ ਬੇਨਤੀ ਹੈ ਕਿ ਜਿਨ੍ਹਾਂ ਨੇ ਆਪਣਿਆਂ ਘਰਾਂ ਵਿੱਚ ਦੀਵਾਨ ਲਗਵਾਉਣੇ ਹੋਣ, ਉਹ ਸੰਤ ਦਰਸ਼ਨ ਸਿੰਘ ਲਾਂਗਰੀ ਹੁਰਾਂ ਦੇ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹਨ।**
**ਮੋਬਾਈਲ ਨੰ- 99152-19516**
**94637-47757**

# ਪੰਥਕ ਸਰਗਰਮੀਆਂ



ਸ੍ਰੀ ਸਤਿਗੁਰੂ ਜੀ ਕਨੇਡਾ ਵਿਖੇ ਬੱਚਿਆਂ ਨੂੰ ਨਿਵਾਜ ਦੇ ਹੋਏ।



ਚੰਡੀਗੜ੍ਹ ਨਾਮਧਾਰੀ ਧਰਮਸ਼ਾਲਾ ਵਿਖੇ ਰਾਗੀ ਠਾਕਰ ਸਿੰਘ ਆਪਣੇ ਜਥੇ ਨਾਲ ਕੀਰਤਨ ਕਰਦੇ ਹੋਏ।



ਸੰਤਾ ਸਿੰਘ ਸਪੁੱਤਰ ਸਤਵਿੰਦਰ ਸਿੰਘ ਫਤਿਹਾਬਾਦ ਦਾ ਅਨੰਦ ਕਾਰਜ ਸਵਰਨ ਕੌਰ ਸਪੁੱਤਰੀ ਸਤਨਾਮ ਸਿੰਘ ਅਸਟਰੇਲੀਆ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਹੋਇਆ।

Date of Publication: 8-08-2018,
Date of Posting: 9-10 Aug. 2018

RNI NO. 55658/93 Delhi Postal Regd. No. DL(W) 01/2055/18-20

# ਦੇਸ਼ ਵੰਡ ਸਮੇਂ ਦੀਆਂ ਤਸਵੀਰਾਂ







Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.